# ਬੁਨਿਆਦੀ ਸਿਧਾਂਤ 1

ਫ੍ਰੈਂਕਲਿਨ ਦੇ ਨੋਟਸ


I. ਪਰਮੇਸ਼ਰ
- ਪਰਮੇਸ਼ਰ ਦੀ ਹੋਂਦ
- ਪਰਮੇਸ਼ਰ ਦੇ ਗੁਣ
- ਪਰਮੇਸ਼ਰ ਦੀ ਤ੍ਰਿਏਕਤਾ

II. ਮਨੁੱਖ
- ਮਨੁੱਖ ਦਾ ਅਰੰਭ
- ਮਨੁੱਖ ਸਿੱਧ ਰਚਿਆ ਗਿਆ
- ਪਰਮੇਸ਼ਰ ਨੇ ਮਨੁੱਖ ਨੂੰ ਕਿਉਂ ਰਚਿਆ

III. ਪਾਪ
- ਪਾਪ ਕੀ ਹੈ
- ਪਾਪ ਦਾ ਅਰੰਭ
- ਪਾਪ ਸੰਸਾਰ ਵਿੱਚ ਕਿਵੇਂ ਆਇਆ
- ਪਾਪ ਦੇ ਨਤੀਜੇ

IV. ਮੁਕਤੀ
- ਜਾਣ-ਪਛਾਣ
- ਮੁਕਤੀਦਾਤਾ—ਯਿਸੂ ਮਸੀਹ
  - ਯਿਸੂ ਮਸੀਹ ਦੀ ਪਰਮੇਸ਼ਰਤਾਈ
  - ਮਨੁੱਖ ਬਣਨਾ
- ਯਿਸੂ ਮਸੀਹ ਦੀ ਮੌਤ ਅਤੇ ਵਹਾਇਆ ਗਿਆ ਲਹੂ
  - ਮੇਰੀ ਥਾਂ ਲੈ ਲਈ—ਮੇਰੇ ਬਦਲੇ ਵਿੱਚ
  - ਮੇਰੇ ਪਾਪ ਮਾਫ ਕਰਦਾ ਹੈ
  - ਮੈਨੂੰ ਛੁਡਾਉਂਦਾ ਹੈ
  - ਮੈਨੂੰ ਧਰਮੀ ਠਹਿਰਾਉਂਦਾ ਹੈ
  - ਮੇਰਾ ਪੁਨਰਮੇਲ ਕਰਾਇਆ
  - ਮੈਨੂੰ ਪਵਿੱਤਰ ਕੀਤਾ
  - ਮੈਨੂੰ ਚੰਗਾ ਕੀਤਾ
- ਜਦ ਕੋਈ ਵਿਅਕਤੀ ਯਿਸੂ ਮਸੀਹ ’ਤੇ ਵਿਸ਼ਵਾਸ ਕਰਦਾ ਹੈ ਤਾਂ ਕੀ ਹੁੰਦਾ ਹੈ
- ਕੇਵਲ ਯਿਸੂ ਮਸੀਹ ਦਾ ਲਹੂ ਹੀ ਪਾਪ ਦੀ ਖਿਮਾ ਲਈ ਪਰਮੇਸ਼ਰ ਨੂੰ ਸੰਤੁਸ਼ਟ ਕਰ ਸਕਦਾ ਹੈ
- ਮੁਕਤੀਦਾਤੇ ਦਾ ਮ੍ਰਿਤਕਾਂ ਵਿੱਚੋਂ ਜਾ ਉੱਠਣਾ
- ਸਿੰਘਾਸਣ ’ਤੇ ਵਿਰਾਜਮਾਨ ਮੁਕਤੀਦਾਤਾ
- ਮੁਕਤੀਦਾਤੇ ਕੋਲੋਂ ਮੁਕਤੀ ਪ੍ਰਾਪਤ ਕਰਨਾ
- ਮੁਕਤੀ ਦਾ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ

# I. ਪਰਮੇਸ਼ਰ

A. **ਜਾਣ-ਪਛਾਣ**: **ਯਿਰਮਿਯਾਹ** 9:24 **ਦਾਨੀਏਲ** 11:32 **ਹੋਸ਼ੇਆ** 6:3, 6 **ਯੂਹੰਨਾ** 17:3

B. **ਪਰਮੇਸ਼ਰ ਦੀ ਹੋਂਦ** **ਇਬਰਾਨੀਆਂ** 11:6 **ਉਤਪਤ** 1:1

1. ਹਰੇਕ ਮਨੁੱਖ ਜਾਣਦਾ ਹੈ ਕਿ ਇੱਕ ਪਰਮੇਸ਼ਰ ਹੈ। ਰੋਮੀਆਂ 1:18-32
2. "ਕਾਰਨ ਅਤੇ ਪ੍ਰਭਾਵ" ਦੀ ਦਲੀਲ। ਜੋ ਕੁਝ ਮੌਜੂਦ ਹੈ, ਉਸ ਨੂੰ ਇੱਕ ਸਿਰਜਣਹਾਰ ਵੱਲੋਂ ਹੋਂਦ ਵਿੱਚ ਲਿਆਂਦਾ ਗਿਆ ਹੈ। ਸਾਡੇ ਕੋਲ ਘੜੀ ਹੈ; ਤਾਂ ਸਾਡੇ ਕੋਲ ਘੜੀ ਨਿਰਮਾਤਾ ਵੀ ਹੈ। ਸਾਡੇ ਕੋਲ ਪੁਸਤਕ ਹੈ ਤਾਂ . . . ਇਸ ਦਾ ਲੇਖਕ ਵੀ ਹੈ। ਸਾਡੇ ਕੋਲ ਸਰਿਸ਼ਟ ਹੈ; ਤਾਂ ਇਸ ਦਾ ਸਿਰਜਣਹਾਰ ਹੋਣਾ ਵੀ ਲਾਜ਼ਮੀ ਹੈ। ਸਰਿਸ਼ਟ ਉਵੇਂ ਹੀ ਕਿਸੇ ਬੁੱਧੀਮਾਨ, ਨਿੱਜੀ ਸਿਰਜਣਹਾਰ ਦੇ ਬਿਨਾ ਆਪਣੇ ਆਪ ਹੋਂਦ ਵਿੱਚ ਨਹੀਂ ਆ ਸਕਦੀ ਸੀ, ਜਿਵੇਂ ਕਿ ਅੱਖਰ ਵੀ ਬਿਨਾ ਕਿਸੇ ਲੇਖਕ ਦੇ ਆਪਣੇ ਆਪ ਪੁਸਤਕ ਦਾ ਰੂਪ ਨਹੀਂ ਲੈ ਸਕਦੇ।
3. ਜ਼ਬੂਰ 14:1 ਮੂਰਖ ਨੇ ਆਪਣੇ ਮਨ ਵਿੱਚ ਆਖਿਆ ਹੈ ਭਈ "ਪਰਮੇਸ਼ਰ ਹੈ ਹੀ ਨਹੀਂ।"

C. **ਪਰਮੇਸ਼ਰ ਦੇ ਗੁਣ–ਪਰਮੇਸ਼ਰ ਅਨੰਤ ਹੈ–ਅਸੀਮ ਹੈ।**

1. ਸਦੀਪਕ—ਸਮੇਂ ਦੇ ਬੰਧਨਾਂ ਵਿੱਚ ਬੱਝਾ ਹੋਇਆ ਨਹੀਂ ਹੈ - ਸਦੀਪਕ ਜੀਵਨ
   - ਉਤਪਤ 1:1 "ਆਦ ਵਿੱਚ, ਪਰਮੇਸ਼ਰ" ਪਰਕਾਸ਼ ਦੀ ਪੋਥੀ 22:13
   - ਯਸਾਯਾਹ 9:6 ਅਨਾਦੀ ਪਿਤਾ
   - ਇਬਰਾਨੀਆਂ 9:14 ਸਦੀਪਕ ਆਤਮਾ
   - ਇਬਰਾਨੀਆਂ 1:8 ਪੁੱਤਰ...ਜੁੱਗੋ-ਜੁੱਗ
   - ਯੂਹੰਨਾ 1:4; 5:26 ਰਸੂਲਾਂ 17:25
   - ਯਸਾਯਾਹ 42:51 ਤਿਮੋਥਿਉਸ 1:17; 6:16

2. ਸਰਬਸ਼ਕਤੀਮਾਨ—ਸ਼ਕਤੀ ਵਿੱਚ ਸੀਮਿਤ ਨਹੀਂ। ਸਭਨਾਂ ਦਾ ਸਿਰਜਣਹਾਰ
   - ਉਤਪਤ 1:1 ਅਕਾਸ਼ ਤੇ ਧਰਤੀ
   - ਉਤਪਤ 17:1 ਏਲ ਸ਼ੱਦਾਈ → ਸ਼ਕਤੀਮਾਨ ਪਰਮੇਸ਼ਰ
   - ਉਤਪਤ 18:13 "ਭਲਾ, ਕੋਈ ਗੱਲ ਯਹੋਵਾਹ ਲਈ ਔਖੀ ਹੈ?"
   - ਅੱਯੂਬ 26:7 "ਉਹ ਧਰਤੀ ਨੂੰ ਬਿਨਾ ਸਹਾਰੇ ਦੇ ਲਟਕਾਉਂਦਾ ਹੈ।"
   - ਮੱਤੀ 19:26 "...ਪਰਮੇਸ਼ਰ ਤੋਂ ਸੱਭੋ ਕੁੱਝ ਹੋ ਸੱਕਦਾ ਹੈ।"
   - ਲੂਕਾ 1:37 "ਕਿਉਂਕਿ ਕੋਈ ਬਚਨ ਪਰਮੇਸ਼ਰ ਦੀ ਵੱਲੋਂ ਸ਼ਕਤੀਹੀਣ ਨਾ ਹੋਵੇਗਾ।"

- ਜ਼ਬੂਰ 103:19 ਉਸ ਦੀ ਪ੍ਰਭੁਤਾ ਸਭਨਾਂ ਉੱਤੇ ਹੈ।
- *ਯਸਾਯਾਹ 42:5 *43:10-13 *45:12,18; 48:12-13

3. ਸਰਬਗਿਆਨੀ - ਉਹ ਗਿਆਨ ਜਾਂ ਬੁੱਧੀ ਵਿੱਚ ਸੀਮਿਤ ਨਹੀਂ ਹੈ
    - ਯਸਾਯਾਹ 40:28; ਜ਼ਬੂਰ 147:5; ਰੋਮੀਆਂ 11:33
    - ਅਕਾਸ਼ਗੰਗਾਵਾਂ ਦੀ ਵਿਵਸਥਾ; ਅਕਾਸ਼ ਵਿੱਚ ਪੰਛੀ; ਪਾਣੀ ਵਿੱਚ ਮੱਛੀਆਂ
4. ਸਰਬਵਿਆਪੀ - ਉਹ ਸਥਾਨ ਵਿੱਚ ਸੀਮਿਤ ਨਹੀਂ ਹੈ।
    - ਜ਼ਬੂਰ 139:7-10 *ਇਬਰਾਨੀਆਂ 4:13
5. ਉਹ ਧਾਰਮਿਕਤਾ (ਨੈਤਿਕ ਤੌਰ ’ਤੇ ਸਹੀ ਹੋਣਾ) ਵਿੱਚ ਬੱਝਾ ਹੋਇਆ ਨਹੀਂ ਹੈ
    - ਲੇਵੀਆਂ 11:45; 19:2
    - ਹੋਸ਼ੇਆ 14:9
    - ਯਸਾਯਾਹ 6:3; 1 ਪਤਰਸ 1:14-16; 2:21-22; ਪਰਕਾਸ਼ 4:8
6. ਉਹ ਇਨਸਾਫ (ਕਨੂੰਨੀ ਤੌਰ ’ਤੇ ਸਹੀ ਹੋਣਾ) ਵਿੱਚ ਬੱਝਾ ਹੋਇਆ ਨਹੀਂ ਹੈ

    ਇਸੇ ਕਰਕੇ ਜ਼ਰੂਰੀ ਹੈ ਕਿ ਉਹ ਅਣਆਗਿਆਕਾਰੀ/ਪਾਪ ਦਾ ਨਿਆਂ ਕਰੇ ਅਤੇ ਸਜ਼ਾ ਦੇਵੇ
    - ਯੂਹੰਨਾ 5:30; 8:16; ਰੋਮੀਆਂ 3:4, 26
    - ਜ਼ਬੂਰ 51:4 ਕਹਾਉਤਾਂ 11:1 ਲੇਵੀਆਂ 19:35-36
7. ਅਸੀਮ ਪ੍ਰੇਮ
    - 1 ਯੂਹੰਨਾ 4:8 1 ਕੁਰਿੰਥੀਆਂ 13:4-8
    - ਕਹਾਉਤਾਂ 10:12 ਇਸ ਕਰਕੇ ਪਰਮੇਸ਼ਰ ਆਪਣੇ ਪੁੱਤਰ ’ਤੇ ਨਿਆਂ ਪਾ ਕੇ ਸਾਡੇ ਪਾਪ ਮਾਫ਼ ਕਰਦਾ ਹੈ।
    - ਅਫ਼ਸੀਆਂ 2:4-8 ਦਇਆ ਅਤੇ ਕਿਰਪਾ ਉਸ ਦੇ ਪ੍ਰੇਮ ਵਿੱਚੋਂ ਨਿਕਲਦੇ ਹਨ।

**D. ਪਰਮੇਸ਼ਰ ਦੀ ਸ਼ਖਸੀਅਤ ਉਸ ਦੀ ਸ਼ਖਸੀਅਤ ਦੀ ਵਿਲੱਖਣਤਾ**

1 ਥੱਸਲੁਨੀਕੀਆਂ 1:9 “...ਜੀਉਂਦਾ ਅਤੇ ਸੱਚਾ ਪਰਮੇਸ਼ਰ।”

1. ਪਰਮੇਸ਼ਰ ਪ੍ਰੇਮ ਕਰਦਾ ਹੈ ਮੱਤੀ 5:44-45
2. ਪਰਮੇਸ਼ਰ ਘਿਰਣਾ ਕਰਦਾ ਹੈ ਕਹਾਉਤਾਂ 6:16

3. ਪਰਮੇਸ਼ਰ ਦੇਖਭਾਲ ਕਰਦਾ ਹੈ 1 ਪਤਰਸ 5:7
4. ਪਰਮੇਸ਼ਰ ਰੰਜ ਕਰਦਾ ਹੈ ਉਤਪਤ 6:6
5. ਪਰਮੇਸ਼ਰ ਗੈਰਤ ਵਾਲਾ ਹੈ ਕੂਚ 34:14
6. ਪਰਮੇਸ਼ਰ ਦਿਆਲੂ ਹੈ ਬਿਵਸਥਾ ਸਾਰ 4:31; ਵਿਰਲਾਪ 3:22
7. ਪਰਮੇਸ਼ਰ ਕਿਰਪਾਲੂ ਹੈ 2 ਕੁਰਿੰਥੀਆਂ 1:3; ਅਫ਼ਸੀਆਂ 2:4; ਲੂਕਾ 6:36
8. ਪਰਮੇਸ਼ਰ ਭਲਾ ਹੈ ਜ਼ਬੂਰ 25:8; ਲੂਕਾ 6:35; 18:19; ਅਫ਼ਸੀਆਂ 5:9
9. ਪਰਮੇਸ਼ਰ ਵਫਾਦਾਰ ਹੈ 1 ਕੁਰਿੰਥੀਆਂ 1:9; 10:13; 1 ਥੱਸਲੁਨੀਕੀਆਂ 5:24; ਇਬਰਾਨੀਆਂ 10:
10. ਪਰਮੇਸ਼ਰ ਦਾਨੀ ਹੈ ਯੂਹੰਨਾ 3:16; ਲੂਕਾ 11:13; 2 ਤਿਮੋਥਿਉਸ 3:16 2 ਤਿਮੋਥਿਉਸ 2:25; ਰੋਮੀਆਂ 6:23; 1 ਪਤਰਸ 5:5; ਮੱਤੀ 11:28; ਯਾਕੂਬ 1:5; 1 ਕੁਰਿੰਥੀਆਂ 15:57 ਜ਼ਬੂਰ 136:25

## E. ਪਰਮੇਸ਼ਰ ਦੇ ਨਾਮ

| | | |
|---|---|---|
| ਇਲੋਹੀਮ (ਬਹੁਵਚਨ) | ਪਰਮੇਸ਼ਰ | ਉਤਪਤ 1:1 |
| ਏਲ ਏਲੀਯੋਨ | ਸਰਬਉੱਚ ਪਰਮੇਸ਼ਰ | ਉਤਪਤ **14:18** |
| ਏਲ ਗਿੱਬੋਰ | ਸ਼ਕਤੀਮਾਨ ਪਰਮੇਸ਼ਰ | ਯਸਾਯਾਹ **9:6;** ਬਿਵਸਥਾ ਸਾਰ **10:17** |
| ਏਲ ਸ਼ੱਦਾਈ | ਸਰਬਸ਼ਕਤੀਮਾਨ ਪਰਮੇਸ਼ਰ | ਉਤਪਤ **17:1-2;** ਕੂਚ **6:2** |
| ਏਲ ਓਲਾਮ | ਅਨਾਦੀ ਪਰਮੇਸ਼ਰ | ਉਤਪਤ **21:33** |
| ਯਹੋਵਾਹ | ਪਰਮੇਸ਼ਰ | ਕੂਚ 3:14; 6:2-3; ਯਸਾਯਾਹ 42:8 |

ਯਾਹਵੇਹ ਜਾਂ ਯਹੋਵਾਹ **-** ਕਿਰਿਆ ਹਾਯਾਹ **-** “ਹੋਣਾ” ਜਾਂ “ਮੈਂ ਹਾਂ” ਤੋਂ ਲਿਆ ਗਿਆ

| | | |
|---|---|---|
| ਯਹੋਵਾਹ ਰੋਈ | ਯਹੋਵਾਹ ਮੇਰਾ ਅੱਯਾਲੀ | ਜ਼ਬੂਰ 23:1 |
| ਯਹੋਵਾਹ ਮੇਲੇਕ | ਯਹੋਵਾਹ ਅਧੀਰਾਜ | ਯਸਾਯਾਹ 6:5 |
| ਯਹੋਵਾਹ ਸਬਾਓਥ | ਸੈਨਾ ਦਾ ਯਹੋਵਾਹ | ਯਹੋਸ਼ੁਆ 5:14 |
| ਯਹੋਵਾਹ ਯਿਰਹ | ਯਹੋਵਾਹ ਮੇਰਾ ਪ੍ਰਬਧੰਕ | ਉਤਪਤ 22:14 |

| | | |
|---|---|---|
| ਯਹੋਵਾਹ ਨਿੱਸੀ | ਯਹੋਵਾਹ ਮੇਰਾ ਝੰਡਾ | ਕੂਚ 17:15 |
| ਯਹੋਵਾਹ ਰੋਫੇ | ਯਹੋਵਾਹ ਮੇਰਾ ਚੰਗਾ ਕਰਨ ਵਾਲਾ | ਕੂਚ 15:26 |
| ਯਹੋਵਾਹ ਸ਼ਾਲੋਮ | ਯਹੋਵਾਹ ਮੇਰੀ ਸ਼ਾਂਤੀ | ਨਿਆਈਆਂ 6:24 |
| ਯਹੋਵਾਹ ਸ਼ਾੱਮਾਹ | ਯਹੋਵਾਹ ਉੱਥੇ ਹੈ | ਹਿਜ਼ਕੀਏਲ 48:35 |
| ਯਹੋਵਾਹ ਸਿਦਕੇਨੂ | ਯਹੋਵਾਹ ਮੇਰੀ ਧਾਰਮਿਕਤਾ | ਯਿਰਮਿਯਾਹ 23:6 |
| ਅਦੋਨਾਏ | ਯਹੋਵਾਹ/ਸੁਆਮੀ | ਉਤਪਤ 15:2 |

# ਪਰਮੇਸ਼ਰ ਦੀ ਤ੍ਰਿਏਕਤਾ

ਫ੍ਰੈਂਕਲਿਨ ਵੱਲੋਂ

I. **ਜਾਣ-ਪਛਾਣ**

ਤ੍ਰਿਏਕਤਾ ਦਾ ਅਰਥ ਹੈ ਕਿ ਇੱਕ ਸੰਪੂਰਣ ਪਰਮੇਸ਼ਰ ਦੀਆਂ ਤਿੰਨ ਸ਼ਖਸੀਅਤਾਂ ਹਨ: ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ।

ਬਿਵਸਥਾ ਸਾਰ 6:4

"ਹੇ ਇਸਰਾਏਲ, ਸੁਣੋ! ਯਹੋਵਾਹ ਸਾਡਾ ਪਰਮੇਸ਼ਰ **ਇੱਕੋ** ਹੀ ਯਹੋਵਾਹ ਹੈ।"

ਇੱਕ ਪਰਮੇਸ਼ਰ, ਜੋ ਤਿੰਨ ਸ਼ਖਸੀਅਤਾਂ ਵਿੱਚ ਪਰਗਟ ਹੁੰਦਾ ਹੈ: ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ।

ਅਫ਼ਸੀਆਂ 4:4-6 "ਇੱਕੋ ਦੇਹੀ ਅਤੇ **ਇੱਕੋ ਆਤਮਾ** ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿੱਚ ਸੱਦੇ ਗਏ। **ਇੱਕੋ ਪ੍ਰਭੂ**, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ, **ਇੱਕੋ ਪਰਮੇਸ਼ਰ** ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ ਦੇ ਅਦੰਰ ਹੈ।" ਸਾਰੇ ਏਕਤਾ ਦੀ ਗੱਲ ਕਰਦੇ ਹਨ!

ਵਿਚਾਰਾਂ, ਉਦੇਸ਼, ਸਹਿਮਤੀ, ਕਿਰਿਆਸ਼ੀਲਤਾ ਅਤੇ ਕੰਮਾਂ ਵਿੱਚ ਇੱਕ।

II. **ਪੁਰਾਣੇ ਨੇਮ ਵਿੱਚ ਤ੍ਰਿਏਕਤਾ**

ਹਾਲਾਂਕਿ ਤ੍ਰਿਏਕਤਾ ਦਾ ਸਿਧਾਂਤ ਪੁਰਾਣੇ ਨੇਮ ਵਿੱਚ ਸਪਸ਼ਟ ਨਹੀਂ ਹੈ, ਪਰ ਇਹ ਉੱਥੇ ਵੀ ਮਿਲਦਾ ਹੈ।

1. **ਤ੍ਰਿਏਕਤਾ ਦੀਆਂ ਤਿੰਨੇ ਸ਼ਖਸੀਅਤਾਂ ਦਾ ਹਵਾਲਾ ਬਹੁਵਚਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ।**

• ਉਤਪਤ 1:1 "ਆਦ ਵਿੱਚ ਪਰਮੇਸ਼ਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ।"

ਪਰਮੇਸ਼ਰ – ਏਲੋਹੀਮ – ਇਬਰਾਨੀ ਵਿੱਚ – ਬਹੁਵਚਨ

ਨਵਾਂ ਨੇਮ ਸਾਨੂੰ ਦੱਸਦਾ ਹੈ ਕਿ ਪਰਮੇਸ਼ਰ ਦੇ ਪੁੱਤਰ ਨੇ ਸੰਸਾਰ ਨੂੰ ਸਿਰਜਿਆ।

ਉਤਪਤ 1:1 ਦਾ ਪਰਮੇਸ਼ਰ ਅਤੇ ਪਰਮੇਸ਼ਰ ਦਾ ਪੁੱਤਰ ਇੱਕ ਹਨ।

ਯੂਹੰਨਾ. 1:3,10; ਅਫ਼ਸੀਆਂ 3:9; ਕੁਲੁੱਸੀਆਂ 1:16; ਇਬਰਾਨੀਆਂ 1:2

- ਉਤਪਤ 1:26 "ਤਾਂ ਪਰਮੇਸ਼ਰ ਨੇ ਆਖਿਆ ਕਿ **ਅਸੀਂ** ਆਦਮੀ ਨੂੰ ਆਪਣੇ ਸਰੂਪ ਉੱਤੇ . . . ਬਣਾਈਏ:"
- ਉਤਪਤ 3:22 "ਵੇਖੋ ਆਦਮੀ . . . **ਸਾਡੇ** ਵਿੱਚੋਂ ਇੱਕ ਵਰਗਾ ਹੋ ਗਿਆ"
- ਯਸਾਯਾਹ 6:3 "ਪਵਿੱਤਰ, ਪਵਿੱਤਰ, ਪਵਿੱਤਰ" (ਪਿਤਾ – ਪੁੱਤਰ – ਪਵਿੱਤਰ ਆਤਮਾ)
- ਯਸਾਯਾਹ 6:8 "ਮੈਂ ਕਿਹ ਨੂੰ ਘੱਲਾਂ ਤੇ ਕੌਣ **ਸਾਡੇ** ਲਈ ਜਾਵੇਗਾ?

**2. ਪਰਮੇਸ਼ਰ ਨੂੰ ਵੱਖ-ਵੱਖ ਨਾਵਾਂ ਨਾਲ ਪੁਕਾਰਿਆ ਅਤੇ ਪਰਗਟ ਕੀਤਾ ਜਾਂਦਾ ਹੈ।**

- ਪਰਮੇਸ਼ਰ ਦੇ **ਆਤਮਾ** ਦਾ ਜ਼ਿਕਰ ਅਕਸਰ ਕੀਤਾ ਗਿਆ ਹੈ। ਜਿਵੇਂ ਕਿ ਉਤਪਤ 1:2
- ਪਰਮੇਸ਼ਰ ਦੇ **ਪੁੱਤਰ** ਨੂੰ "ਮੇਰਾ ਸੇਵਕ" ਆਖਿਆ ਗਿਆ ਹੈ। ਯਸਾਯਾਹ 52:13 - 53
- ਯਸਾਯਾਹ 9:6 ਜੋ ਜਨਮ ਲਵੇਗਾ ਉਹ "ਸ਼ਕਤੀਮਾਨ ਪਰਮੇਸ਼ਰ" ਅਤੇ "ਪਿਤਾ" ਹੋਵੇਗਾ।

## III. ਨਵੇਂ ਨੇਮ ਵਿੱਚ ਤ੍ਰਿਏਕਤਾ

ਲੂਕਾ 1:30-35

ਮਨੁੱਖੀ ਰੂਪ ਧਾਰਨਾ: **ਅੱਤ ਮਹਾਨ** ਦਾ (1) – **ਪੁੱਤਰ** (2) – **ਪਵਿੱਤਰ ਆਤਮਾ** ਦੀ ਸ਼ਕਤੀ ਨਾਲ ਗਰਭ ਵਿੱਚ ਪਿਆ (3)। ਜ਼ਬੂਰ 2:7; ਯਸਾਯਾਹ 42:1 ਦਾ ਪੂਰਾ ਹੋਣਾ।

ਮੱਤੀ 3:16-17 ਇੱਥੇ ਅਸੀਂ **ਮਸੀਹ** ਦਾ ਬਪਤਿਸਮਾ ਹੁੰਦੇ, **ਪਿਤਾ ਨੂੰ** ਸਵਰਗ ਤੋਂ ਬੋਲਦੇ ਅਤੇ **ਪਵਿੱਤਰ ਆਤਮਾ ਨੂੰ** ਕਬੂਤਰ ਵਾਂਗ ਉੱਤਰਦੇ ਵੇਖਦੇ ਹਾਂ। ਸਾਡਾ ਬਪਤਿਮਸਾ ਨਾਮਾਂ ਵਿੱਚ ਨਹੀਂ, ਪਰ "*ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ* " ਨਾਮ ਵਿੱਚ ਹੋਣਾ ਚਾਹੀਦਾ ਹੈ, ਨਾਮਾਂ ਵਿੱਚ ਨਹੀਂ (ਮੱਤੀ 28:19)।

A. ਪਿਤਾ ਨੂੰ ਪਰਮੇਸ਼ਰ ਸਦਾਇਆ ਜਾਂਦਾ ਹੈ।

ਯੂਹੰਨਾ 17:3; ਰੋਮੀਆਂ 1:7; ਯਸਾਯਾਹ 9:6; 1 ਪਤਰਸ 1:2; ਯੂਹੰਨਾ 1:18

B. ਯਿਸੂ ਮਸੀਹ ਦੀ ਪਰਮੇਸ਼ਰਤਾਈ - ਉਹ ਪਰਮੇਸ਼ਰ ਹੈ।

1. ਪੁਰਾਣੇ ਨੇਮ ਦਾ ਯਹੋਵਾਹ ਨਵੇਂ ਨੇਮ ਦਾ ਯਿਸੂ ਹੈ।

ਯਸਾਯਾਹ 44:6; 41:4; 48:12 ਪਰਕਾਸ਼ 1:8, 17; 22:13

2. ਉਹ ਅਨਾਦੀ ਹੈ। ਕੇਵਲ ਪਰਮੇਸ਼ਰ ਹੀ ਅਨਾਦੀ ਹੈ।
ਤਿਮੋਥਿਉਸ 1:17; 6:14-16 ਮੀਕਾਹ 5:2 ਇਬਰਾਨੀਆਂ 13:8

3. ਉਹ ਪਰਮੇਸ਼ਰ ਹੈ ਅਤੇ ਉਸ ਨੇ ਸਭ ਕੁਝ ਸਿਰਜਿਆ ਹੈ:
ਯੂਹੰਨਾ 1:1-4, 14, 18, ਕੁਲੁੱਸੀਆਂ 1:16

4. ਉਹ ਸਭਨਾਂ ਵਸਤਾਂ ਨੂੰ ਸਮ੍ਹਾਲਦਾ ਹੈ: ਇਬਰਾਨੀਆਂ 1:3 ਕੁਲੁੱਸੀਆਂ 1:17

5. ਪਰਮੇਸ਼ਰਤਾਈ ਦੀ ਸਾਰੀ ਭਰਪੂਰੀ ਉਸ ਵਿੱਚ ਵੱਸਦੀ ਹੈ: ਕੁਲੁੱਸੀਆਂ 2:9

6. ਪਰਮੇਸ਼ਰ ਵਜੋਂ ਹੋਂਦ ਵਿੱਚ ਅਤੇ ਪਰਮੇਸ਼ਰ ਦੇ ਤੁੱਲ ਸੀ:
ਫ਼ਿਲਿੱਪੀਆਂ 2:6

ਮਨੁੱਖਾਂ ਅਤੇ ਸਵਰਗਦੂਤਾਂ ਬਾਰੇ ਅਜਿਹਾ ਨਹੀਂ ਆਖਿਆ ਜਾ ਸਕਦਾ। ਕੁਝ ਲੋਕ ਆਖਦੇ ਹਨ ਕਿ ਉਹ ਪਹਿਲਾਂ ਇੱਕ ਸਵਰਗਦੂਤ ਸੀ। ਵੇਖੋ: ਇਬਰਾਨੀਆਂ 2:16.

7. ਉਸ ਨੇ ਆਖਿਆ ਕਿ ਉਹ ਪਹਿਲਾਂ ਤੋਂ ਹੋਂਦ ਵਿੱਚ ਹੈ ਅਤੇ ਇਹ ਕਿ ਉਹ ਪੁਰਾਣੇ ਨੇਮ ਦਾ ਯਹੋਵਾਹ ਸੀ। ਯੂਹੰਨਾ 8:51-59; ਕੂਚ 3:14

8. ਪਿਤਾ ਵੱਲੋਂ ਉਸ ਨੂੰ ਪਰਮੇਸ਼ਰ ਸਦਾਇਆ ਗਿਆ। ਇਬਰਾਨੀਆਂ 1:8 ਤੀਤੁਸ 2:13

9. ਪਾਪ ਖਿਮਾ ਕਰਦਾ ਹੈ। ਕੇਵਲ ਪਰਮੇਸ਼ਰ ਹੀ ਪਾਪ ਖਿਮਾ ਕਰ ਸਕਦਾ ਹੈ। ਲੂਕਾ 5:20-24

10. ਉਸ ਨੇ ਆਖਿਆ ਕਿ ਉਸ ਦੇ ਕੋਲ ਸਵਰਗ ਅਤੇ ਧਰਤੀ ਦਾ ਸਾਰਾ ਇਖਤਿਆਰ ਹੈ।
ਕੇਵਲ ਪਰਮੇਸ਼ਰ ਕੋਲ ਸਾਰਾ ਇਖਤਿਆਰ ਹੈ। ਮੱਤੀ 28:18

11. ਯਿਸੂ ਦਾਅਵਾ ਕਰਦਾ ਹੈ ਕਿ ਉਹ ਪਰਮੇਸ਼ਰ ਦਾ ਪੁੱਤਰ ਅਤੇ ਪ੍ਰਭੂ ਹੈ:
ਮੱਤੀ 22:42-45 ਲੂਕਾ 22:67-70; 23:3

12. ਰਸੂਲਾਂਨੇ ਤ੍ਰਿਏਕਤਾ ਦਾ ਪ੍ਰਚਾਰ ਕੀਤਾ: ਰਸੂਲਾਂ 2:32-33; 5:29-32; 10:38

ਉਹ ਪਾਣੀ 'ਤੇ ਚੱਲਿਆ। ਹਨੇਰੀ ਅਤੇ ਲਹਿਰਾਂ ਨੇ ਉਸ ਦੇ ਹੁਕਮ ਨੂੰ ਮੰਨਿਆ। ਰੋਗੀਆਂ ਨੂੰ ਚੰਗਾ ਕੀਤਾ ਅਤੇ ਮ੍ਰਿਤਕਾਂ ਨੂੰ ਜੀਉਂਦਾ ਕੀਤਾ। ਦ੍ਰਿਸ਼ਟੀਹੀਣਾਂ ਨੂੰ ਦ੍ਰਿਸ਼ਟੀਦਾਨ ਦਿੱਤਾ ਅਤੇ ਬੋਲਿਆਂ ਨੂੰ ਸੁਣਨ ਦੀ ਸ਼ਕਤੀ ਦਿੱਤੀ।

ਲੰਙਿਆਂ ਨੂੰ ਚਲਾਇਆ। ਦੁਸ਼ਟ ਆਤਮਿਆਂ ਨੂੰ ਕੱਢਿਆ। ਪਾਣੀ ਨੂੰ ਦਾਖਰਸ ਵਿੱਚ ਤਬਦੀਲ ਕੀਤਾ ਅਤੇ ਇੱਕ ਲੜਕੇ ਦੇ ਥੋੜੇ ਜਿਹੇ ਭੋਜਨ ਨਾਲ 5,000 ਲੋਕਾਂ ਨੂੰ ਭੋਜਨ ਖੁਆਇਆ।

C. ਪਵਿੱਤਰ ਆਤਮਾ ਦੀ ਪਰਮੇਸ਼ਰਤਾਈ – ਉਹ ਪਰਮੇਸ਼ਰ ਹੈ।

ਪਵਿੱਤਰ ਆਤਮਾ ਨੂੰ ਪਰਮੇਸ਼ਰ ਵਜੋਂ ਸਿਆਣਿਆ ਜਾਂਦਾ ਹੈ। ਰਸੂਲਾਂ 5:3-4

ਪਰਮੇਸ਼ਰਤਾਈ ਦੀ ਸਾਰੀ ਪਰਿਪੂਰਣਤਾ ਮਨੁੱਖਾਂ ਦੇ ਜੀਵਨ ਵਿੱਚ ਕੰਮ ਕਰਦੀ ਹੈ ਅਤੇ ਮਨੁੱਖ ਨੂੰ ਪਾਪ ਦੇ ਪ੍ਰਤੀ ਕਾਇਲ ਕਰਦੀ ਹੈ: ਯੂਹੰਨਾ 16:7-11

ਅਤੇ ਵਿਸ਼ਵਾਸੀਆਂ ਦੀ ਸਾਰੀ ਸਚਿਆਈ ਵਿੱਚ ਅਗਵਾਈ ਕਰੇਗਾ: ਯੂਹੰਨਾ 16:12-15

ਪਵਿੱਤਰ ਆਤਮਾ ਪ੍ਰਭੂ ਅਤੇ ਪਰਮੇਸ਼ਰ ਹੈ:

2 ਕੁਰਿੰਥੀਆਂ 3:17; ਯੂਹੰਨਾ 4:24; ਰਸੂਲਾਂ 5:3-4

- ਸਰਬਵਿਆਪੀ ਜ਼ਬੂਰ 139:7-10 (ਆਤਮਾਵਾਂ ਨਹੀਂ ਹੁੰਦੀਆਂ)
- ਸਰਬਸ਼ਕਤੀਮਾਨ ਯੂਹੰਨਾ 6:63; 2 ਕੁਰਿੰਥੀਆਂ 3:6; ਅੱਯੂਬ 33:4
- ਸਰਬਗਿਆਨੀ 1 ਕੁਰਿੰਥੀਆਂ 2:9-12
- ਸਦੀਪਕ ਇਬਰਾਨੀਆਂ 9:14

D. ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੀ ਇੱਕਜੁੱਟਤਾ ਅਤੇ ਏਕਤਾ।

ਯੂਹੰਨਾ 4:24 "ਪਰਮੇਸ਼ਰ ਆਤਮਾ ਹੈ" (KJV)

ਯੂਹੰਨਾ 6:63 "ਜੀਉਦਾਤਾ ਤਾਂ ਆਤਮਾ ਹੈ"

ਯੂਹੰਨਾ 1:4 "ਉਸ (ਸ਼ਬਦ) ਵਿੱਚ ਜੀਉਣ ਸੀ"

ਯੂਹੰਨਾ 14:17 "ਅਰਥਾਤ ਸਚਿਆਈ ਦਾ ਆਤਮਾ"

ਯੂਹੰਨਾ 14:6 "ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ"

1 ਕੁਰਿੰਥੀਆਂ 15:45 "ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ।"

ਰੋਮੀਆਂ 8:2, 9-11

ਜੀਵਨ ਦਾ ਆਤਮਾ = ਪਰਮੇਸ਼ਰ ਦਾ ਆਤਮਾ = ਮਸੀਹ ਦਾ ਆਤਮਾ = ਪਿਤਾ ਦਾ ਆਤਮਾ

E. ਪਿਤਾ ਅਤੇ ਪੁੱਤਰ ਦੀ ਇੱਕਜੁੱਟਤਾ ਅਤੇ ਏਕਤਾ

ਯੂਹੰਨਾ 10:30, 31, 33, 38; 12:45; 14:7-10; 17:21-23

“ਕੇਵਲ ਯਿਸੂ (ONLY JESUS)” ਮਿਸ਼ਨ ਦੀ ਸਿੱਖਿਆ “ਪਰਮੇਸ਼ਰ ਦੀ ਏਕਤਾ” ’ਤੇ ਹਮਲਾ ਕਰਦੀ ਹੈ ਅਤੇ ਜੋ ਵਚਨ ਵਿੱਚ ਪਰਗਟ ਕੀਤਾ ਗਿਆ ਹੈ ਉਸ ਦੇ ਵਿਰੁੱਧ ਹੈ। ਜਦ ਪੁੱਤਰ ਦੀ ਵਡਿਆਈ ਜਾਂ ਮਹਿਮਾ ਹੁੰਦੀ ਹੈ ਤਾਂ ਪਿਤਾ ਨੂੰ ਈਰਖਾ ਨਹੀਂ ਹੁੰਦੀ। ਉਹ ਅਨੰਦ ਕਰਦਾ ਹੈ!

ਜਦ ਪੁੱਤਰ ਦੀ ਵਡਿਆਈ ਜਾਂ ਮਹਿਮਾ ਹੁੰਦੀ ਹੈ ਤਾਂ ਪਵਿੱਤਰ ਆਤਮਾ ਈਰਖਾ ਨਹੀਂ ਕਰਦਾ।
ਉਹ ਵੀ ਅਨੰਦ ਕਰਦਾ ਹੈ!

ਤ੍ਰਿਏਕਤਾ ਦਾ ਹਰੇਕ ਮੈਂਬਰ ਆਪਣੀ ਵਡਿਆਈ ਜਾਂ ਮਹਿਮਾ ਨਹੀਂ ਚਾਹੁੰਦਾ, ਸਗੋਂ ਇੱਕ ਦੂਜੇ ਨੂੰ ਵਡਿਆਉਂਦਾ ਅਤੇ ਉੱਚਾ ਕਰਦਾ ਹੈ, ਜਿਵੇਂ ਕਿ ਹੇਠ ਲਿਖੀਆਂ ਆਇਤਾਂ ਵਿੱਚ ਦਰਸਾਇਆ ਗਿਆ ਹੈ।

ਯੂਹੰਨਾ 16:14 ਪਵਿੱਤਰ ਆਤਮਾ ਯਿਸੂ ਦੀ ਵਡਿਆਈ ਕਰਦਾ ਹੈ
ਲੂਕਾ 12:10 ਯਿਸੂ ਪਵਿੱਤਰ ਆਤਮਾ ਦਾ ਆਦਰ ਕਰਦਾ ਹੈ
ਫ਼ਿਲਿੱਪੀਆਂ 2:9 ਪਿਤਾ ਪੁੱਤਰ ਦਾ ਆਦਰ ਕਰਦਾ ਹੈ,
ਕੁਲੁੱਸੀਆਂ 1:19
ਯੂਹੰਨਾ 8:29; 14:13; 17:4 ਪੁੱਤਰ ਪਿਤਾ ਦਾ ਆਦਰ ਕਰਦਾ ਹੈ

ਇਨ੍ਹਾਂ ਆਇਤਾਂ ਤੋਂ ਇਹ ਜਾਪਦਾ ਹੈ ਕਿ ਜਦ ਕਿਸੇ ਵਿਅਕਤੀ ਨੂੰ ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਜਾਂਦਾ ਹੈ ਤਾਂ ਪਿਤਾ ਅਤੇ ਪਵਿੱਤਰ ਆਤਮਾ ਅਨੰਦ ਕਰਦੇ ਹਨ ਕਿ ਪੁੱਤਰ ਨੂੰ ਸਵੀਕਾਰ ਕੀਤਾ ਗਿਆ ਅਤੇ ਉਸ ਦੀ ਮਹਿਮਾ ਕੀਤੀ ਗਈ ਹੈ।

ਮਨੁੱਖ ਦੀ ਸਿੱਖਿਆ ਵੰਡ ਪਾਉਂਦੀ ਹੈ। ਪ੍ਰਭੂ ਦੀ ਸੱਚੀ ਸਿੱਖਿਆ ਆਪਸ ਵਿੱਚ ਜੋੜਦੀ ਹੈ।

# II. ਮਨੁੱਖ

**A. ਮਨੁੱਖ ਦਾ ਅਰੰਭ** **ਮਨੁੱਖ ਕਿੱਥੋਂ ਆਇਆ?**

- ਉਤਪਤ 1:26-28; 2:7, 18, 21-25

## B. ਰਚੇ ਜਾਣ ਸਮੇਂ ਮਨੁੱਖ ਦੀ ਅਵਸਥਾ

### 1. ਸਿੱਧ:

- ਪਾਪ, ਰੋਗ ਅਤੇ ਮੌਤ ਤੋਂ ਰਹਿਤ, ਸਦੀਪਕ।
- ਪਰਮੇਸ਼ਰ ਦੇ ਨਾਲ ਚੱਲਿਆ। ਉਤਪਤ 1:31; 3:8

### 2. ਪਰਮੇਸ਼ਰ ਦੇ ਸਰੂਪ ਅਤੇ ਸਮਾਨਤਾ ਵਿੱਚ ਰਚਿਆ ਗਿਆ

- ਉਨੱਤ ਜਾਂ ਉੱਚ ਬੌਧਿਕ ਕਾਬਲੀਅਤ। ਕੁਲੁੱਸੀਆਂ 3:10
- ਨੈਤਿਕ ਅਤੇ ਧਰਮੀ। ਅਫ਼ਸੀਆਂ 4:24
- ਅਜ਼ਾਦ – ਆਪਣੀਆਂ ਚੋਣਾਂ ਆਪ ਕਰ ਸਕਦਾ ਸੀ। ਉਤਪਤ 2:16-17
- ਸਦੀਪਕ ਪ੍ਰਾਣੀ।

### 3. ਤਿੰਨ ਹਿੱਸਿਆਂ ਨਾਲ ਬਣਿਆ ਪ੍ਰਾਣੀ: ਆਤਮਾ - ਪ੍ਰਾਣ - ਦੇਹ।

- ਉਤਪਤ 2:7 ਦੇਹ ਮਿੱਟੀ ਤੋਂ ਬਣੀ। ਆਤਮਾ ਅਤੇ ਪ੍ਰਾਣ ਪਰਮੇਸ਼ਰ ਦੇ ਸਾਹ (ਆਤਮਾ) ਤੋਂ ਬਣੇ।
- ਗਿਣਤੀ 16:22; ਜ਼ਕਰਯਾਹ 12:1; 1 ਥੱਸਲੁਨੀਕੀਆਂ 5:23

## C. ਪਰਮੇਸ਼ਰ ਨੇ ਮਨੁੱਖ ਨੂੰ ਕਿਉਂ ਰਚਿਆ?

1. ਆਪਣੀ **ਮਹਿਮਾ** ਲਈ ਰਚਿਆ। ਯਸਾਯਾਹ 43:7
2. ਆਪਣੀ **ਪ੍ਰਸੰਨਤਾ** ਲਈ ਰਚਿਆ।ਪਰਕਾਸ਼ 4:11
3. ਪਰਮੇਸ਼ਰ ਦੀ **ਉਸਤਤ** ਅਤੇ **ਅਰਾਧਨਾ** ਲਈ ਰਚਿਆ। ਅਫ਼ਸੀਆਂ 1:12; ਪਰਕਾਸ਼ 5:13-14
4. ਉਸ ਦੀ ਸੰਤਾਨ, ਉਸ ਦਾ ਪਰਿਵਾਰ ਹੋਣ ਲਈ ਰਚਿਆ। ਉਹ ਪਿਤਾ ਹੈ। ਯੂਹੰਨਾ 1:12
   ਅਫ਼ਸੀਆਂ 3:14-15; 4:6; ਇਬਰਾਨੀਆਂ 2:10-16
5. ਆਪਣੇ **ਪੁੱਤਰ** ਲਈ ਰਚਿਆ। ਕੁਲੁੱਸੀਆਂ 1:16
   - ਉਸ ਦੀ **ਕਲੀਸਿਯਾ** ਹੋਣ ਲਈ। ਕੁਲੁੱਸੀਆਂ 1:18
   - ਉਸ ਦੀ **ਦੁਲਹਨ** ਹੋਣ ਲਈ। ਪਰਕਾਸ਼ 19:7; 21:2, 9
6. ਧਰਤੀ ਉੱਤੇ **ਰਾਜ** ਕਰਨ ਲਈ। ਇਬਰਾਨੀਆਂ 2:5-8
7. ਚੰਗੇ **ਕੰਮਾਂ** ਲਈ। ਅਫ਼ਸੀਆਂ 2:10

## D. ਕੀ ਮਨੁੱਖ ਇਸ ਸਿੱਧ ਅਵਸਥਾ ਵਿੱਚ ਬਣਿਆ ਰਿਹਾ?

# III. ਪਾਪ

**A. ਜਾਣ-ਪਛਾਣ**

1. ਮਨੁੱਖ ਪਾਪ ਨੂੰ ਬਹੁਤ ਹਲਕੇ ਤੌਰ ’ਤੇ ਲੈਂਦਾ ਹੈ। ਕਹਾਉਤਾਂ 14:9 ਆਖਦਾ ਹੈ, “ਮੂਰਖ ਪਾਪ ਕਰ ਕੇ ਹੱਸਦੇ ਹਨ।” ਅਸੀਂ ਇੱਕ ਪਾਪੀ ਸੰਸਾਰ ਵਿੱਚ ਜਨਮ ਲਿਆ ਹੈ। ਅਸੀਂ ਕੇਵਲ ਇਸੇ ਨੂੰ ਜਾਣਦੇ ਹਾਂ। ਇਹ ਜੀਵਨ ਜੀਉਣ ਦਾ ਸਧਾਰਨ ਤਰੀਕਾ ਹੈ। ਅਸੀਂ ਇਸ ’ਤੇ ਕੋਈ ਪ੍ਰਸ਼ਨ ਚੁੱਕੇ ਬਿਨਾ ਜੀਉਂਦੇ ਹਾਂ।

2. ਪਰਮੇਸ਼ਰ ਦੀ ਦ੍ਰਿਸ਼ਟੀ ਵਿੱਚ ਪਾਪ ਬਹੁਤ ਬੁਰਾ ਹੈ:

   ਮੱਤੀ 5:29-30 “ਕੱਢ ਕੇ ਆਪਣੇ ਕੋਲੋਂ ਸੁੱਟ ਦਿਹ... ਵੱਢ ਕੇ ਆਪਣੇ ਕੋਲੋਂ ਸੁੱਟ ਦਿਹ”

   ਰਸੂਲਾਂ 5:1-6 ਹਨਾਨਿਯਾਹ ਅਤੇ ਸਫੀਰਾ ਦਾ ਝੂਠ

**B. ਪਾਪ ਕੀ ਹੈ?**

1. 1 ਯੂਹੰਨਾ 3:4 ਪਰਮੇਸ਼ਰ ਦੀ ਸ਼ਰਾ ਦੀ ਉਲੰਘਣਾ ਪਾਪ ਹੈ।

   ਉਦਾਹਰਨ: ਮਨੁੱਖ ਦਾ ਪਹਿਲਾ ਪਾਪ: ਉਤਪਤ 2:16-17

ਸਾਨੂੰ ਪਾਪ ਦੀ ਦੁਸ਼ਟਤਾ ਦਿਖਾਉਣ ਲਈ ਪਰਮੇਸ਼ਰ ਨੇ ਮਨੁੱਖ ਨੂੰ ਸ਼ਰਾ ਦਿੱਤੀ। ਸ਼ਰਾ ਸਾਨੂੰ ਦਿਖਾਉਂਦੀ ਹੈ ਕਿ ਧਾਰਮਿਕਤਾ ਕੀ ਹੈ।

- ਰੋਮੀਆਂ 2:14-15 ਸ਼ਰਾ ਹਰੇਕ ਮਨੁੱਖ ਦੇ ਹਿਰਦੇ ਵਿੱਚ ਲਿਖੀ ਹੋਈ ਹੈ। ਪਰ ਮਨੁੱਖ ਦਾ ਅੰਤਹਕਰਨ ਦਾਗਿਆ ਹੋਇਆ ਹੈ (1 ਤਿਮੋਥਿਉਸ 4:2)। ਉਸ ਨੂੰ ਸਪਸ਼ਟ ਬਣਾਉਣ ਲਈ ਪਰਮੇਸ਼ਰ ਨੇ ਆਪਣੀ ਸ਼ਰਾ ਨੂੰ ਪੱਥਰ ਦੀਆਂ ਪੱਟੀਆਂ ’ਤੇ ਲਿਖ ਦਿੱਤਾ ਅਤੇ ਮਨੁੱਖ ਨੂੰ ਦੇ ਦਿੱਤਾ।

- ਗਲਾਤੀਆਂ 3:24 ਸ਼ਰਾ ਸਾਡੀ ਉਪਦੇਸ਼ਕ ਬਣੀ ਹੈ। ਇਹ ਸਾਨੂੰ ਕੀ ਸਿਖਾਉਂਦੀ ਹੈ?

  a. ਰੋਮੀਆਂ 3:20 ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੁੰਦੀ ਹੈ।
  b. ਰੋਮੀਆਂ 5:20 ਸ਼ਰਾ ਸਾਨੂੰ ਸਿਖਾਉਂਦੀ ਹੈ ਕਿ ਪਾਪ ਕੀ ਹੈ।
  c. ਰੋਮੀਆਂ 7:7 ਸ਼ਰਾ ਸਾਨੂੰ ਦਿਖਾਉਂਦੀ ਹੈ ਕਿ ਪਾਪ ਕੀ ਹੈ।
  d. ਰੋਮੀਆਂ 7:12 ਸ਼ਰਾ ਚੰਗੀ ਹੈ।
  e. ਯੂਹੰਨਾ 15:22 ਯਿਸੂ ਨੇ ਸਾਨੂੰ ਦੱਸਿਆ ਕਿ ਪਾਪ ਕੀ ਹੈ।

f. ਯੂਹੰਨਾ 16:8 ਪਵਿੱਤਰ ਆਤਮਾ ਸਾਨੂੰ ਪਾਪ ਦੇ ਪ੍ਰਤੀ ਕਾਇਲ ਕਰਦਾ ਹੈ।

2. ਰੋਮੀਆਂ 3:23 ਪਰਮੇਸ਼ਰ ਦੀ ਮਹਿਮਾ ਤੋਂ ਰਹਿ ਜਾਣਾ ਪਾਪ ਹੈ।
3. 1 ਸਮੂਏਲ 15:23 ਪਰਮੇਸ਼ਰ ਦੇ ਵਿਰੁੱਧ ਵਿਦਰੋਹ ਕਰਨਾ ਪਾਪ ਹੈ।
4. 1 ਯੂਹੰਨਾ 5:10 ਅਵਿਸ਼ਵਾਸ ਪਾਪ ਹੈ। ਇਹ ਪਰਮੇਸ਼ਰ ਨੂੰ ਝੂਠਾ ਬਣਾ ਦਿੰਦਾ ਹੈ। ਰੋਮੀਆਂ 14:23
5. ਯਸਾਯਾਹ 53:6 ਆਪਣੀ ਮਰਜ਼ੀ ਅਨੁਸਾਰ ਜੀਵਨ ਜੀਉਣਾ ਪਾਪ ਹੈ।
6. 1 ਯੂਹੰਨਾ 5:17 ਸਾਰਾ ਕੁਧਰਮ ਪਾਪ ਹੈ।

## C. ਪਾਪ ਦਾ ਮੂਲ (ਜਾਂ ਅਰੰਭ)

1. ਹਿਜ਼ਕੀਏਲ 28:11-19
2. ਯਸਾਯਾਹ 14:12-17 "*ਅੱਤ ਮਹਾਨ ਜਿਹਾ*"

2 ਥੱਸਲੁਨੀਕੀਆਂ 2:4; ਪਰਕਾਸ਼ 17:4-5

## D. ਪਾਪ ਸੰਸਾਰ ਵਿੱਚ ਕਿਵੇਂ ਆਇਆ

1. ਰੋਮੀਆਂ 5:12 ਇੱਕ ਮਨੁੱਖ ਦੇ ਰਾਹੀਂ।
2. ਉਤਪਤ 3:1-24 ਜਦ ਆਦਮ ਨੇ ਪਾਪ ਕੀਤਾ, ਉਸ ਦਾ ਬੀਜ ਭ੍ਰਿਸ਼ਟ ਹੋ ਗਿਆ।
3. ਜ਼ਬੂਰ 51:5; 58:3 ਤੁਹਾਨੂੰ ਆਪਣੇ ਬੱਚਿਆਂ ਨੂੰ ਝੂਠ ਬੋਲਣਾ ਸਿਖਾਉਣਾ ਨਹੀਂ ਪੈਂਦਾ।
4. ਰੋਮੀਆਂ 5:18 ਸਾਰੇ ਮਨੁੱਖ ਪਾਪੀ ਕਰਾਰ ਦਿੱਤੇ ਗਏ ਹਨ।
5. ਰੋਮੀਆਂ 3:23 ਸਭਨਾਂ ਨੇ ਪਾਪ ਕੀਤਾ ਹੈ।
6. ਮਨੁੱਖ ਪਾਪ ਇਸ ਕਰਕੇ ਕਰਦਾ ਹੈ ਕਿਉਂਕਿ ਉਹ ਸੁਭਾਓ ਤੋਂ ਹੀ ਪਾਪੀ ਹੈ।

## E. ਪਾਪ ਦੇ ਨਤੀਜੇ

ਉਤਪਤ 2:16-17 "*ਤੂੰ ਜ਼ਰੂਰ ਮਰੇਂਗਾ*" ਪਰਮੇਸ਼ਰ ਦੇ ਇਹ ਕਹਿਣ ਦਾ ਭਾਵ ਕੀ ਸੀ?

1. **ਮੌਤ** ਅਫ਼ਸੀਆਂ 2:1 ਰੋਮੀਆਂ 6:23

ਮੌਤ ਖਤਮ ਨਹੀਂ ਕਰਦੀ; ਇਹ **ਜੁਦਾ ਕਰਦੀ ਹੈ।**

a. ਪਾਪ ਦੀ ਮਜ਼ੂਰੀ ਹੈ: **ਆਤਮਕ ਮੌਤ**

- ਆਤਮਾ ਅਤੇ ਪ੍ਰਾਣ ਪਰਮੇਸ਼ਰ ਤੋਂ, ਜੋ ਜੀਵਨ ਹੈ, **ਜੁਦਾ ਹੋ ਗਏ।**

ਉਤਪਤ 2:16-17 ਯਸਾਯਾਹ 59:2 ਹਿਜ਼ਕੀਏਲ 18:4, 20

b. ਪਾਪ ਦੀ ਮਜ਼ੂਰੀ ਹੈ: **ਸਰੀਰਕ ਮੌਤ**

- ਆਤਮਾ ਅਤੇ ਪ੍ਰਾਣ ਸਰੀਰ ਤੋਂ **ਜੁਦਾ ਹੋ ਗਏ।**
- ਰੁੱਖ ਨਾਲੋਂ ਵੱਢੀ ਟਾਹਣੀ ਵਾਂਗ, ਮ੍ਰਿਤ ਅਤੇ ਸੁੱਕ ਰਹੇ।

  ਉਤਪਤ 3:19
- ਜਦ ਸਰੀਰ ਕੰਮ ਕਰਨਾ ਬੰਦ ਕਰ ਦਿਦਾ ਹੈ, ਸਰੀਰਕ ਮੌਤ ਹੋ ਜਾਂਦੀ ਹੈ, ਆਤਮਾ ਅਤੇ ਪ੍ਰਾਣ ਨਿਆਂ ਲਈ ਪਰਮੇਸ਼ਰ ਕੋਲ ਪੁੱਜ ਜਾਂਦੇ ਹਨ।

  ਜ਼ਬੂਰ 104:29; 90:10; ਉਪਦੇਸ਼ਕ 12:7 ਅੱਯੂਬ 34:14-15

  ਇਬਰਾਨੀਆਂ 9:27

c. ਪਾਪ ਦੀ ਮਜ਼ੂਰੀ ਹੈ: **ਸਦੀਪਕ ਮੌਤ**

- ਪਰਮੇਸ਼ਰ ਦੀ ਦਇਆ ਤੋਂ ਸਦੀਪਕ **ਜੁਦਾਈ।**

  2 ਥੱਸਲੁਨੀਕੀਆਂ 1:8-9 ਪਰਕਾਸ਼ 20:11-15

ਪਰ ਯਿਸੂ ਦੀ ਮੌਤ ਸਦਕਾ ਖਿਮਾ ਪ੍ਰਾਪਤ ਕਰ ਚੁੱਕੇ ਵਿਅਕਤੀ ਲਈ:

**ਸਦੀਪਕ ਜੀਵਨ**

ਲੂਕਾ 23:46; ਰਸੂਲਾਂ 7:59; ਯੂਹੰਨਾ 5:24; 2 ਕੁਰਿੰਥੀਆਂ 5:6-8; ਫ਼ਿਲਿੱਪੀਆਂ 1:21-24; 1 ਥੱਸਲੁਨੀਕੀਆਂ 4:13-18

2. ਸ਼ਤਾਨ ਦੇ **ਨਿਯੰਤ੍ਰਣ** ਹੇਠ ਅਤੇ **ਪਾਪ ਦੇ ਗੁਲਾਮ**
   - ਅਫ਼ਸੀਆਂ 2:1-3 ਰੋਮੀਆਂ 6:20
   - 2 ਤਿਮੋਥਿਉਸ 2:25-26 ਤੀਤੁਸ 3:3
   - ਯੂਹੰਨਾ 8:34

3. **ਆਦਮ ਨੇ ਧਰਤੀ ਦੇ ਅਧਿਕਾਰ ਨੂੰ** ਸ਼ਤਾਨ ਦੇ ਸਪੁਰਦ ਕਰ ਦਿੱਤਾ। ਲੂਕਾ 4:6

4. **ਆਤਮਕ ਸਚਾਈਆਂ ਦੇ ਪ੍ਰਤੀ ਅਨ੍ਹਾ ਅਤੇ ਬਹਿਰਾ** – ਮਨ ਹਨੇਰੇ ਅਤੇ ਹਿਰਦੇ ਭ੍ਰਿਸ਼ਟ
   - ਯਿਰਮਿਯਾਹ 17:9
   - 1 ਕੁਰਿੰਥੀਆਂ 2:14
   - 2 ਕੁਰਿੰਥੀਆਂ 4:4

5. **ਹਿਰਦੇ** ਇਨ੍ਹਾਂ ਨਾਲ **ਭਰ ਗਏ**:

- ਮੂਰਤੀ ਪੂਜਾ ਰੋਮੀਆਂ 1:21-23
- ਅਨੈਤਿਕਤਾ ਰੋਮੀਆਂ 1:24-27
- ਬੁਰਿਆਈ ਅਤੇ ਦੁਸ਼ਟਤਾ ਰੋਮੀਆਂ 1:28-32

6. **ਪਾਪ ਵਿਸ਼ਵਵਿਆਪੀ ਹੈ** – ਸਾਰੀ ਮਨੁੱਖਜਾਤੀ ਇਸ ਦੀ ਸ਼ਕਤੀ ਦੇ ਅਧੀਨ ਹੈ – ਕੋਈ ਧਰਮੀ ਨਹੀਂ ਹੈ।

- ਜ਼ਬੂਰ 130:3
- ਕਹਾਉਤਾਂ 20:9
- ਉਪਦੇਸ਼ਕ 7:20; 9:3
- ਰੋਮੀਆਂ 3:9-12,23
- ਯਾਕੂਬ 3:2, 8
- 1 ਯੂਹੰਨਾ 1:8, 10

## F. ਪਾਪ ਦੇ ਲਈ ਮਨੁੱਖ ਦਾ ਉੱਤਰ

| | |
|---|---|
| 1. ਆਤਮ-ਧਾਰਮਿਕਤਾ। | ਯਸਾਯਾਹ 64:6 |
| 2. ਉਹ ਚੰਗਾ ਜੀਵਨ ਬਤੀਤ ਕਰਨ ਦਾ ਜਤਨ ਕਰਦਾ ਹੈ। | ਤੀਤੁਸ 3:5 |
| 3. ਉਹ ਪਰਮੇਸ਼ਰ ਦੀ ਸ਼ਰਾ ਅਨੁਸਾਰ ਜੀਉਣ ਦਾ ਜਤਨ ਕਰਦਾ ਹੈ। | ਮੱਤੀ 5:21-22, 27-28; ਰੋਮੀਆਂ 10:3 |
| 4. ਉਹ ਧਰਮਾਂ ਅਤੇ ਕੁਰਬਾਨੀਆਂ ਦਾ ਸਹਾਰਾ ਲੈਂਦਾ ਹੈ। | ਯੂਹੰਨਾ 14:6 ਇਬਰਾਨੀਆਂ 10:4 |

# IV. ਮੁਕਤੀ

ਫ੍ਰੈਂਕਲਿਨ ਦੇ ਨੋਟਸ

## A. **ਜਾਣ-ਪਛਾਣ**

**1.** ਮੁਕਤੀ ਦਾ **ਅਰਥ** ਹੈ: ਇਬਰਾਨੀ ਸ਼ਬਦ "ਯਾਸ਼ਾ" ਦਾ ਅਰਥ ਹੈ:

- ਬੁਰਿਆਈ ਤੋਂ ਛੁਡਾਏ ਜਾਣਾ, ਅੱਤਿਆਚਾਰ ਤੋਂ ਮੁਕਤ ਹੋਣਾ
- ਸੁਰੱਖਿਆ ਵਿੱਚ ਹੋਣਾ, ਤਰੱਕੀ ਕਰਨਾ
- ਪੁਨਰ-ਬਹਾਲ ਕੀਤੇ ਜਾਣਾ
- ਚੰਗੇ ਕੀਤੇ ਜਾਣਾ
- ਜਿੱਤ ਦਾ ਅਨੁਭਵ ਕਰਨਾ

**2.** ਮੁਕਤੀ ਹੀ ਬਾਈਬਲ ਅਤੇ ਇੰਜੀਲ ਦਾ **ਸੁਨੇਹਾ** ਹੈ।

- ਉਤਪਤ 3:21
- ਯਸਾਯਾਹ 45:22-25
- 1 ਤਿਮੋਥਿਉਸ 2:3-4

**3.** ਮੁਕਤੀ ਪਰਮੇਸ਼ਰ ***ਦੀ ਯੋਜਨਾ*** ਹੈ, ਨਾ ਮਨੁੱਖ ਦੀ ਅਤੇ ਨਾ ਹੀ ਕਿਸੇ ਧਰਮ।

a) ਜ਼ਬੂਰ 3:8 "ਬਚਾਉ ਯਹੋਵਾਹ ਵੱਲੋਂ ਹੈ।"
b) ਯੂਨਾਹ 2:9 "ਬਚਾਉ ਯਹੋਵਾਹ ਵੱਲੋਂ ਹੀ ਹੈ!"
c) ਰਸੂਲਾਂ 4:12 ਕੇਵਲ ਇੱਕੋ ਹੈ ਜੋ ਮੁਕਤੀ ਦੇ ਸਕਦਾ ਹੈ।
d) ਯੂਹੰਨਾ 14:6 ਕੇਵਲ ਇੱਕੋ ਰਾਹ ਹੈ – ਕੇਵਲ ਇੱਕੋ ਮੁਕਤੀਦਾਤਾ ਹੈ।

**4.** **ਮਨੁੱਖ ਮੁਰਦਾ ਹੈ,** ਉਹ ਆਪਣੇ ਆਪ ਨੂੰ ਨਹੀਂ ਬਚਾ ਸਕਦਾ। ਉਸ ਦੇ ਕੋਲ ਆਪਣੇ ਪਾਪੀ ਸੁਭਾਅ ਨੂੰ ਬਦਲਣ ਦੀ ਸ਼ਕਤੀ ਨਹੀਂ ਹੈ। ਉਹ ਮੁਰਦਾ ਹੈ। ਉਸ ਨੂੰ ਜੀਵਨ ਦੀ ਲੋੜ ਹੈ।

ਉਸ ਨੂੰ ਇੱਕ ਮੁਕਤੀਦਾਤੇ ਦੀ ਲੋੜ ਹੈ।

- ਅੱਯੂਬ 14:4
- ਯੂਹੰਨਾ 5:40; 6:44, 65; 17:2
- ਯਿਰਮਿਯਾਹ 13:23
- ਰਸੂਲਾਂ 11:18
- ਮੱਤੀ 7:16-18; 19:25-26

**5. ਅਸੀਂ ਪਰਮੇਸ਼ਰ ਦੇ ਵਿਰੁੱਧ ਪਾਪ ਕੀਤਾ ਹੈ।** ਜ਼ਬੂਰ 51:4

ਕੇਵਲ ਪਰਮੇਸ਼ਰ ਹੀ ਸਾਨੂੰ ਖਿਮਾ ਦੇ ਸਕਦਾ ਹੈ। ਲੂਕਾ 5:21

ਪਰ ਪਰਮੇਸ਼ਰ ਨਿਆਈ ਹੈ। ਪਾਪ ਦਾ ਨਿਆਂ ਜ਼ਰੂਰੀ ਹੈ !

**6.** **ਖੁਸ਼ਖਬਰੀ** ਕੀ ਹੈ?

- ਰੋਮੀਆਂ 1:16-17
- 1 ਕੁਰਿੰਥੀਆਂ 15:1-4 ਮੌਤ – ਦਫਨਾਇਆ ਜਾਣਾ – ਮੁਰਦਿਆਂ ਵਿੱਚੋਂ ਜੀ ਉੱਠਣਾ
- ਅਫ਼ਸੀਆਂ 2:8 "*ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ*"

## B. ਮੁਕਤੀਦਾਤਾ – ਯਿਸੂ ਮਸੀਹ

ਇਬਰਾਨੀ ਨਾਂਵ – "ਯੇਸ਼ੁ'ਆਬ" ਦਾ ਅਰਥ ਹੈ ਮੁਕਤੀਦਾਤਾ।
ਮੁਕਤੀ ਉਸ ਦੇ ਰਾਹੀਂ ਮਿਲ ਸਕਦੀ ਹੈ ਜਿਸ ਕੋਲ ਮੁਕਤ ਕਰਾਉਣ ਦੀ ਕਾਬਲੀਅਤ ਹੈ।
ਕੇਵਲ ਪਰਮੇਸ਼ਰ ਦੇ ਕੋਲ ਹੀ ਇਖਤਿਆਰ ਅਤੇ ਸ਼ਕਤੀ ਹੈ।

- ਯਸਾਯਾਹ 43:3, 11-13; 45:21
- 1 ਯੂਹੰਨਾ 4:14 *"ਪਿਤਾ ਨੇ ਪੁੱਤਰ ਨੂੰ ਘੱਲਿਆ ਭਈ ਉਹ ਸੰਸਾਰ ਦਾ ਮੁਕਤੀ ਦਾਤਾ ਹੋਵੇ।"*
- ਮੱਤੀ 1:21; ਲੂਕਾ 2:30; 3:6 ਯਿਸੂ ਨੂੰ *ਪਰਮੇਸ਼ਰ ਦੀ ਮੁਕਤੀ* ਆਖਿਆ ਗਿਆ ਹੈ।

1. ਯਿਸੂ ਮਸੀਹ ਦੀ **ਪਰਮੇਸ਼ਰਤਾਈ** – ਉਹ ਪਰਮੇਸ਼ਰ ਹੈ।

a. ਪੁਰਾਣੇ ਨੇਮ ਦਾ **ਯਹੋਵਾਹ** ਨਵੇਂ ਨੇਮ ਦਾ **ਯਿਸੂ** ਹੈ।
ਯਸਾਯਾਹ 44:6; 41:4; 48:12 ਪਰਕਾਸ਼ 1:8, 17; 22:13

b. ਉਹ ਪਰਮੇਸ਼ਰ ਹੈ ਅਤੇ ਉਸ ਨੇ ਸਭ ਕੁਝ **ਸਿਰਜਿਆ** ਹੈ: ਯੂਹੰਨਾ 1:1-4, 14, 18
ਕੁਲੁੱਸੀਆਂ 1:16

c. ਉਹ ਸਭਨਾਂ ਵਸਤਾਂ ਨੂੰ **ਸਮ੍ਹਾਲਦਾ** ਹੈ: ਇਬਰਾਨੀਆਂ 1:3 ਕੁਲੁੱਸੀਆਂ 1:17

d. **ਪਰਮੇਸ਼ਰਤਾਈ** ਦੀ ਸਾਰੀ ਭਰਪੂਰੀ ਉਸ ਵਿੱਚ ਵੱਸਦੀ ਹੈ: ਕੁਲੁੱਸੀਆਂ 2:9

e. ਆਪਣੇ ਸ਼ੁਰੂ ਤੋਂ ਮੌਜੂਦ ਹੋਣ ਬਾਰੇ ਦੱਸਦਾ ਅਤੇ ਇਹ ਕਿ ਉਹ ਪੁਰਾਣੇ ਨੇਮ ਦਾ ਯਹੋਵਾਹ ਹੈ।
ਯੂਹੰਨਾ 8:51-59 ਕੂਚ 3:14

f. ਉਸ ਨੇ ਪਰਮੇਸ਼ਰ ਪਿਤਾ ਦੇ ਨਾਲ ਆਪਣੀ **ਏਕਤਾ** ਅਰਥਾਤ ਇੱਕਜੁੱਟਤਾ ਬਾਰੇ ਆਖਿਆ।
ਯੂਹੰਨਾ 10:30, 31, 33

g. ਪਿਤਾ ਵੱਲੋਂ ਉਸ ਨੂੰ ਪਰਮੇਸ਼ਰ ਸਦਾਇਆ ਗਿਆ। ਇਬਰਾਨੀਆਂ 1:8

ਉਹ ਪਾਣੀ ’ਤੇ ਚੱਲਿਆ। ਹਨੇਰੀ ਅਤੇ ਲਹਿਰਾਂ ਨੇ ਉਸ ਦੇ ਹੁਕਮ ਨੂੰ ਮੰਨਿਆ। ਰੋਗੀਆਂ ਨੂੰ ਚੰਗਾ ਕੀਤਾ ਅਤੇ ਮੁਰਦਿਆਂ ਨੂੰ ਜੀਉਂਦਾ ਕੀਤਾ। ਅੰਨ੍ਹਿਆਂ ਨੂੰ ਸੁਜਾਖੇ ਕੀਤਾ ਅਤੇ ਬੋਲਿਆਂ ਨੂੰ ਸੁਣਨ ਦੀ ਸ਼ਕਤੀ ਦਿੱਤੀ। ਲੰਙਿਆਂ ਨੂੰ ਚਲਾਇਆ। ਦੁਸ਼ਟ ਆਤਮਿਆਂ ਨੂੰ ਕੱਢਿਆ। ਪਾਣੀ ਨੂੰ ਦਾਖਰਸ ਵਿੱਚ ਤਬਦੀਲ ਕੀਤਾ ਅਤੇ ਇੱਕ ਲੜਕੇ ਦੇ ਥੋੜੇ ਜਿਹੇ ਭੋਜਨ ਨਾਲ 5,000 ਲੋਕਾਂ ਨੂੰ ਭੋਜਨ ਖੁਆਇਆ।

2. **ਮਨੁੱਖ ਬਣਿਆ।** ਪਰਮੇਸ਼ਰ ਬਣਿਆ ਰਿਹਾ: ਪਰਮੇਸ਼ਰ ਦਾ ਪੁੱਤਰ ਅਤੇ ਮਨੁੱਖ ਦਾ ਪੁੱਤਰ।
   ਫ਼ਿਲਿੱਪੀਆਂ 2:5-11

a. **ਪਰਮੇਸ਼ਰ ਦਾ ਪੁੱਤਰ**

ਕਿਉਂਕਿ ਪਾਪੀ ਮਨੁੱਖ ਨੂੰ ਮੁਕਤੀ ਦੀ ਲੋੜ ਸੀ, ਇਸ ਕਰਕੇ ਉਸ ਨੂੰ ਇੱਕ ਮੁਕਤੀਦਾਤਾ ਦੀ ਲੋੜ ਸੀ ਅਤੇ ਕੇਵਲ ਪਰਮੇਸ਼ਰ ਹੀ ਬਚਾ ਸਕਦਾ ਹੈ।

- ਲੂਕਾ 5:20-24
- 1 ਤਿਮੋਥਿਉਸ 1:15 “*ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ।*”

b. **ਮਨੁੱਖ ਦਾ ਪੁੱਤਰ**

i. ਇੱਕ ਸਿੱਧ ਕੁਰਬਾਨੀ ਦੀ ਲੋੜ ਹੈ।

ii. ਪਰਮੇਸ਼ਰ, ਯਿਸੂ ਮਸੀਹ, ਇਸ ਸੰਸਾਰ ਵਿੱਚ ਮਨੁੱਖ ਵਜੋਂ ਪੈਦਾ ਹੋਇਆ।
ਯਸਾਯਾਹ 7:14; 9:6 ਲੂਕਾ 1:31-35; 19:10

iii. ਸਾਡੇ ਵਰਗਾ ਬਣਿਆ। ਇਬਰਾਨੀਆਂ 2:14-17; 4:14-15;
1 ਤਿਮੋਥਿਉਸ 2:3-6

ਪਰਮੇਸ਼ਰਤਾਈ ਦਾ ਇੱਕ ਮੈਂਬਰ ਮਨੁੱਖੀ ਪਰਿਵਾਰ ਵਿੱਚ ਉੱਤਰ ਆਇਆ, ਤਾਂ ਜੋ ਸਾਡੇ ਮਨੁੱਖੀ ਪਰਿਵਾਰ ਨੂੰ ਇੱਕ ਅਜਿਹਾ ਮੈਂਬਰ ਦੇ ਸਕੇ, ਜਿਹੜਾ ਪਰਮੇਸ਼ਰਤਾਈ ਵਿੱਚ ਸਾਡੀ ਨੁਮਾਇੰਦਗੀ ਕਰ ਸਕੇ।

iv. ਪਾਪ ਇੱਕ ਮਨੁੱਖ ਦੁਆਰਾ ਆਇਆ। ਮੁਕਤੀ ਇੱਕ ਮਨੁੱਖ ਦੁਆਰਾ ਆਈ। ਰੋਮੀਆਂ 5:12, 18-19

v. ਆਦਮ ਨੇ ਪਾਪ ਕੀਤਾ ਅਤੇ ਪਾਪੀਆਂ ਨੂੰ ਜਨਮ ਦਿੱਤਾ। ਯਿਸੂ (“ਛੇਕੜਲਾ ਆਦਮ”, “ਦੂਜਾ ਆਦਮ”) ਨੇ ਪਾਪ ਰਹਿਤ ਜੀਵਨ ਬਤੀਤ ਕੀਤਾ ਅਤੇ ਧਰਮੀ ਲੋਕਾਂ ਨੂੰ ਜਨਮ ਦਿੰਦਾ ਹੈ।
1 ਕੁਰਿੰਥੀਆਂ 15:21-22 1 ਪਤਰਸ 1:23

**C. ਯਿਸੂ ਮਸੀਹ ਦੇ ਵਹਾਏ ਗਏ ਲਹੂ ਅਤੇ ਮੌਤ ਰਾਹੀਂ ਮੁਕਤੀ।**

1. ਉਸ ਨੇ ਮੇਰੀ **ਥਾਂ** ਲੈ ਲਈ – ਮੇਰੇ **ਬਦਲੇ ਵਿੱਚ**।

- ਰੋਮੀਆਂ 5:6, 8
- ਰੋਮੀਆਂ 8:32
- ਯਸਾਯਾਹ 53

2. ਮੇਰੇ ਪਾਪ **ਖਿਮਾ ਕਰਦਾ ਹੈ**

- ਲੂਕਾ 5:18 -24 (20, 24)
- ਮੱਤੀ 26:28
- ਕੁਲੁੱਸੀਆਂ 2:13-15 ਮੇਰੇ ਪਾਪ ਖਿਮਾ ਕਰਦਾ ਹੈ।
  (ਯਸਾਯਾਹ 43:25; 44:22)
- ਇਬਰਾਨੀਆਂ 9:22, 26 ਪਾਪ ਨੂੰ ਹਟਾਇਆ
- ਇਬਰਾਨੀਆਂ 10:17-19 ਭੁਲਾ ਦਿੰਦਾ ਹੈ
- 1 ਯੂਹੰਨਾ 1:7; 2:12; 3:5
  ਯਿਸੂ ਦਾ ਲਹੂ ਸਾਨੂੰ ਸ਼ੁੱਧ ਕਰਦਾ ਹੈ/ ਖਿਮਾ ਕਰਦਾ ਹੈ/ ਪਾਪ ਨੂੰ ਹਟਾਉਂਦਾ ਹੈ
- ਪਰਕਾਸ਼ 1:5 ਸਾਨੂੰ ਛੁਡਾ ਦਿੱਤਾ
- ਜ਼ਬੂਰ 103:3, 10-12 ਤੁਹਾਡੀਆਂ ਸਾਰੀਆਂ ਬੁਰਿਆਈਆਂ ਨੂੰ ਖਿਮਾ ਕਰਦਾ ਹੈ

3. **ਮੈਨੂੰ ਛੁਡਾਉਂਦਾ ਹੈ** – ਲੋੜੀਂਦੀ ਕੀਮਤ ਅਦਾ ਕਰਕੇ ਮੁੱਲ ਲੈ ਲੈਣਾ।

a. ਇਸ ਸ਼ਬਦ ਦਾ ਅਰਥ ਹੈ: ਬਜ਼ਾਰ ਵਿੱਚੋਂ ਖਰੀਦਣਾ
ਮਨੁੱਖ ਗੁਲਾਮ ਹੈ, "ਪਾਪ ਦੇ ਹੱਥ ਵੇਚਿਆ ਗਿਆ" ਹੈ (ਰੋਮੀਆਂ 7:14) ਅਤੇ ਮੌਤ ਦੀ ਸਜ਼ਾ ਹੇਠ ਹੈ (ਰੋਮੀਆਂ 6:23) ਪਰ ਯਿਸੂ ਮਸੀਹ ਦੁਆਰਾ ਮੁੱਲ ਲੈ ਲਿਆ ਗਿਆ।

1 ਕੁਰਿੰਥੀਆਂ 6:17-20; 7:23; ਜ਼ਬੂਰ 103:4 ਯਸਾਯਾਹ 43:1-4

b. **ਸਭਨਾਂ** ਮਨੁੱਖਾਂ ਨੂੰ ਮੁੱਲ ਲੈ ਲਿਆ ਅਤੇ ਇਸ ਕਰਕੇ ਉਸ ਦੇ ਕੋਲ ਅਧਿਕਾਰ ਹੈ ਕਿ ਉਨ੍ਹਾਂ ਦੇ ਨਾਲ ਜੋ ਚਾਹੇ ਕਰੇ।
2 ਪਤਰਸ 2:1 ਤੀਤੁਸ 2:11-13 ਇਬਰਾਨੀਆਂ 2:3

c. ਕੀਮਤ: ਜ਼ਬੂਰ 49:7-8 ਪਰਕਾਸ਼ 5:9 1 ਪਤਰਸ 1:18-19

d. ਕਿੰਨੇ ਚਿਰ ਲਈ? ਇਬਰਾਨੀਆਂ 9:12

4. **ਮੈਨੂੰ ਧਰਮੀ ਠਹਿਰਾਉਂਦਾ ਹੈ** ਅਤੇ ਇਸ ਤਰ੍ਹਾਂ ਮੈਨੂੰ ਧਰਮੀ ਬਣਾਉਂਦਾ ਹੈ

ਯੂਨਾਨੀ ਦੇ ਇੱਕ ਸ਼ਬਦ ਦੇ ਅਨੁਵਾਦ ਲਈ ਅੰਗ੍ਰੇਜੀ ਦੀ ਬਾਈਬਲ ਦੋ ਸ਼ਬਦਾਂ ਦੀ ਵਰਤੋਂ ਕਰਦੀ ਹੈ:

(1) **ਧਰਮੀ ਠਹਿਰਾਉਣਾ** ਇੱਕ ਕਿਰਿਆ ਹੈ **-** ਪ੍ਰਭੂ ਵੱਲੋਂ ਕੀਤਾ ਗਿਆ ਕੰਮ।
(2) **ਧਰਮੀ** ਇੱਕ ਨਾਂਵ ਹੈ - ਭਾਵ ਕਿ ਪ੍ਰਭੂ ਦੀ ਅਵਸਥਾ ਜਾਂ ਮੇਰੀ ਅਵਸਥਾ।

- ਧਰਮੀ: ਕਨੂੰਨੀ ਤੌਰ 'ਤੇ ਸਹੀ
- ਧਰਮੀ ਠਹਿਰਾਉਣਾ: ਦੋਸ਼ਮੁਕਤ ਕਰਨਾ, ਨਿਰਦੋਸ਼ ਘੋਸ਼ਿਤ ਕਰਨਾ।
- ਧਰਮੀ: ਦੋਸ਼ਭਾਵਨਾ ਜਾਂ ਪਾਪ ਤੋਂ ਰਹਿਤ। ਜੋ ਮੈਂ ਹਾਂ।

**ਰੋਮੀਆਂ 3:21-28**

a. **ਆਇਤ 21** ਪਰਮੇਸ਼ਰ ਦੀ ਨੈਤਿਕ ਧਾਰਮਿਕਤਾ ਸ਼ਰਾ ਵਿੱਚ ਵੇਖੀ ਗਈ ਅਤੇ ਅਤੇ ਹੁਣ ਯਿਸੂ ਮਸੀਹ ਅਤੇ ਉਸ ਦੇ ਮੁਕਤੀ ਦੇ ਕੰਮ ਵਿੱਚ ਵੇਖੀ ਜਾਂਦੀ ਹੈ।

b. **ਆਇਤ 22** ਪਰਮੇਸ਼ਰ ਦੀ ਧਾਰਮਿਕਤਾ ਉਨ੍ਹਾਂ ਸਭਨਾਂ ਨੂੰ **ਦਿੱਤੀ ਜਾਂਦੀ ਹੈ** ਜਿਹੜੇ ਮੁਕਤੀ ਲਈ ਕੇਵਲ ਯਿਸੂ ਮਸੀਹ 'ਤੇ **ਵਿਸ਼ਵਾਸ ਕਰਦੇ ਹਨ।**

c. **ਆਇਤ 24** ਕਿਰਪਾ ਦੁਆਰਾ ਇੱਕ ਤੋਹਫੇ ਵਜੋਂ ਉਹ ਯਿਸੂ ਮਸੀਹ ਦੇ ਮੁਕਤੀ ਦੇ ਕੰਮ ਦੇ ਕਾਰਨ ਵਿਸ਼ਵਾਸ ਕਰਨ ਵਾਲਿਆਂ ਨੂੰ ਧਰਮੀ ਠਹਿਰਾਉਂਦਾ ਹੈ। ਇਹ ਇੱਕ ਤੋਹਫਾ ਹੈ। ਜਿਸੇ ਅਸੀਂ ਲਾਇਕ ਨਹੀਂ ਸਾਂ। ਜਿਸ ਨੂੰ ਕਿਸੇ ਵੀ ਜ਼ਰੀਏ ਜਾਂ ਸਾਧਨ ਨਾਲ ਮੁੱਲ ਨਹੀਂ ਲਿਆ ਜਾ ਸਕਦਾ। ਉਹ ਇਸ ਨੂੰ ਕੇਵਲ ਆਪਣੀ ਕਿਰਪਾ ਸਦਕਾ ਹੀ ਦਿੰਦਾ ਹੈ। ਅਫ਼ਸੀਆਂ 2:8

d. **ਆਇਤ 27-28** ਅਸੀਂ ਧਰਮੀ ਠਹਿਰਾਏ ਗਏ ਹਾਂ **-** ਪਾਪ ਤੋਂ ਮੁਕਤ ਘੋਸ਼ਿਤ ਕੀਤੇ ਗਏ ਹਾਂ **-** ਇਹ ਸਾਡਿਆਂ ਆਪਣਿਆਂ ਜਤਨਾਂ ਜਾਂ ਕੰਮਾਂ ਸਦਕਾ ਨਹੀਂ ਸਗੋਂ ਯਿਸੂ ਵਿੱਚ ਵਿਸ਼ਵਾਸ ਕਰਨ ਸਦਕਾ ਹੋਇਆ ਹੈ।

ਰੋਮੀਆਂ 4:1-8 ਗਲਾਤੀਆਂ 2:16 ਤੀਤੁਸ 3:5

- ਅਦਾਲਤ ਵਿੱਚ ਨਿਰਦੋਸ਼ ਕਰਾਰ ਦਿੱਤੇ ਜਾਣਾ ਮਾਫ ਕੀਤੇ ਜਾਣ ਵਰਗਾ ਨਹੀਂ ਹੈ।
- ਮਾਫ ਕੀਤੇ ਜਾਣ ਦਾ ਅਰਥ ਹੈ ਕਿ ਮੈਂ ਦੋਸ਼ੀ ਹਾਂ ਪਰ ਮੇਰਾ ਅਪਰਾਧ ਮੇਰੇ ਲੇਖੇ ਨਹੀਂ ਲਗਾਇਆ ਗਿਆ।
- ਧਰਮੀ ਠਹਿਰਾਏ ਜਾਣ ਦਾ ਅਰਥ ਹੈ ਕਿ ਮੇਰੇ ਉੱਤੇ ਮੁਕੱਦਮਾ ਚਲਾਇਆ ਗਿਆ ਅਤੇ ਮੈਨੂੰ ਨਿਰਦੋਸ਼ ਪਾਇਆ ਗਿਆ। ਯਿਸੂ ਨੇ ਸਾਡੇ ਲਈ ਇਹੋ ਕੀਤਾ ਹੈ!

5. ਮੁਕਤੀਦਾਤੇ ਦੀ ਮੌਤ ਨੇ: **ਮੇਰਾ ਵਾਪਸ ਮੇਲ ਕਰਾਇਆ।**

ਇਸ ਸ਼ਬਦ ਦਾ ਅਰਥ ਹੈ: ਸਹੀ ਸੰਬੰਧ ਵਿੱਚ ਵਾਪਸ ਜੋੜਨਾ।

a. **ਰੋਮੀਆਂ 5:10**

(i) ਅਸੀਂ ਵੈਰੀ ਸਾਂ, ਪਰ ਪਰਮੇਸ਼ਰ ਸਾਨੂੰ ਬਦਲ ਕੇ ਇੱਕ ਸਹੀ, ਦੋਸਤਾਨਾ ਸੰਬੰਧ ਵਿੱਚ ਲੈ ਆਇਆ। ਇਹ ਅਤੀਤ ਵਿੱਚ ਇੱਕ ਸਮੇਂ ’ਤੇ ਹੋਇਆ ਸੀ, ਉਸ ਸਲੀਬ ’ਤੇ ਹੋਇਆ ਸੀ ਜਿੱਥੇ ਪਾਪ ਦਾ ਹਰਜਾਨਾ ਭਰ ਦਿੱਤਾ ਗਿਆ ਅਤੇ ਪਾਪ ਨੂੰ ਹਟਾ ਦਿੱਤਾ ਗਿਆ।

(ii) ਆਇਤ 11 ਅਸੀਂ ਉਸ ਵੱਲੋਂ ਕੀਤੇ ਗਏ ਕੰਮ ਨੂੰ ਗ੍ਰਹਿਣ ਕਰਨਾ ਹੈ।

b. **ਕੁਲੁੱਸੀਆਂ 1:20-22**

c. **2 ਕੁਰਿੰਥੀਆਂ 5:17-21**

(i) ਪਰਮੇਸ਼ਰ ਦੁਆਰਾ ਯਿਸੂ ਮਸੀਹ ਦੇ ਰਾਹੀਂ ਪੂਰੀ ਤਰ੍ਹਾਂ ਸੰਪੂਰਣ ਕੀਤਾ ਗਿਆ।

(ii) ਸਾਨੂੰ ਸਭਨਾਂ ਨੂੰ ਖੁਸ਼ਖਬਰੀ ਸੁਣਾਉਣ ਦੀ ਜਿੰਮੇਵਾਰੀ, ਹੁਕਮ ਅਤੇ ਸੇਵਾ ਦਿੱਤੀ ਗਈ ਹੈ।

(iii) ਇਹ ਸੰਸਾਰ ਦੇ ਲਈ ਕੀਤਾ ਗਿਆ।

(iv) ਸਭਨਾਂ ਲੋਕਾਂ ਨੂੰ ਇਸ ਅਦਭੁਤ ਪ੍ਰੇਮ ਦੇ ਕੰਮ ਨੂੰ ਸਵੀਕਾਰ ਕਰਨ ਲਈ ਚੋਣ ਦਿੱਤੀ ਗਈ ਹੈ ਕਿ ਸਭਨਾਂ ਲੋਕਾਂ ਨੂੰ ਆਪਣੇ ਮਨ ਪਰਿਵਰਤਨ ਕਰਕੇ ਇਸ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਇਸ ਸਚਿਆਈ ਨੂੰ ਸਵੀਕਾਰ ਨਾ ਕਰਕੇ ਪਰਮੇਸ਼ਰ ਦੇ ਪ੍ਰੇਮ ਨੂੰ ਰੱਦਿਆ ਜਾ ਸਕਦਾ ਹੈ ਅਤੇ ਅਜਿਹਾ ਕਰਨ ਵਾਲਾ ਵਿਅਕਤੀ ਹਨੇਰੇ ਅਤੇ ਕ੍ਰੋਧ ਵਿੱਚ ਬਣਿਆ ਰਹਿੰਦਾ ਹੈ। ਯੂਹੰਨਾ 3:36

6. ਮੁਕਤੀਦਾਤੇ ਦੀ ਮੌਤ ਨੇ: **ਮੈਨੂੰ ਪਵਿੱਤਰ ਕੀਤਾ।**

ਇਸ ਦੇ ਦੋ ਅਰਥ ਹਨ:

1. ਸਧਾਰਨ ਦਸ਼ਾ ਅਤੇ ਸਧਾਰਨ ਇਸਤੇਮਾਲ ਤੋਂ ਅਲੱਗ ਕੀਤਾ, **ਵੱਖਰਾ ਕੀਤਾ**। ਸਮਰਪਿਤ ਕੀਤਾ।

   ਕੂਚ 13:2; ਕੂਚ ਦੀ ਪੁਸਤਕ ਵਿੱਚ: ਇੱਕ ਦਿਨ, ਇੱਕ ਪਰਬਤ, ਇੱਕ ਜਗਵੇਦੀ ਅਤੇ ਪਸ਼ੂ ਪਵਿੱਤਰ ਕੀਤੇ ਜਾਂਦੇ ਸਨ, ਅਰਥਾਤ "ਪਰਮੇਸ਼ਰ ਲਈ ਵੱਖਰੇ ਕੀਤੇ ਜਾਂਦੇ ਸਨ।"

   **ਇਬਰਾਨੀਆਂ 9:19-22**

2. ਚਰਿੱਤਰ ਵਿੱਚ **ਸ਼ੁੱਧਤਾ -** ਪਵਿੱਤਰ। ਲੇਵੀਆਂ 20:26

(ਮੈਂ ↓)

a) **ਅਵਸਥਾ → ਮਸੀਹ ਵਿੱਚ ਵੱਖਰਾ ਕੀਤਾ ਗਿਆ। ਇਹ ਉਸੇ ਨੇ ਕੀਤਾ! ਇਹ ਅਤੀਤ ਹੈ, ਪੂਰਾ ਹੋ ਚੁੱਕਿਆ ਕੰਮ।**

| | | |
|---|---|---|
| (i) | ਰਸੂਲਾਂ 26:18; 20:32 | ਤਦ ਹੁੰਦਾ ਹੈ ਜਦ ਧਰਮੀ ਠਹਿਰਾਇਆ ਜਾਂਦਾ ਹੈ। |
| (ii) | 1 ਕੁਰਿੰਥੀਆਂ 1:2 | ਇਸ ਵਿੱਚ ਸਾਰੇ ਵਿਸ਼ਵਾਸੀ ਸ਼ਾਮਿਲ ਹਨ। |
| (iii) | 1 ਕੁਰਿੰਥੀਆਂ 1:30 | ਉਸ ਦਾ ਕੰਮ – ਉਸ ਦੀ ਜ਼ਿੰਮੇਵਾਰੀ। |
| (iv) | 1 ਕੁਰਿੰਥੀਆਂ 6:11 | ਸੰਪੂਰਣ, ਪੂਰਾ। |
| (v) | 2 ਥੱਸਲੁਨੀਕੀਆਂ 2:13 | ਮੁਕਤੀ ਵਿੱਚ ਪ੍ਰਵੇਸ਼। |
| (vi) | ਇਬਰਾਨੀਆਂ 10:10; 13:12 | ਸਲੀਬ 'ਤੇ ਪੂਰਾ ਹੋਇਆ। |
| (vii) | ਕੁਲੁੱਸੀਆਂ 1:22 | ਸਲੀਬ ਉੱਤੇ ਸੰਪੂਰਣ ਹੋਇਆ। |
| (vii) | 1 ਪਤਰਸ 1:2 | ਪਹਿਲਾਂ ਹੈ ਅਤੇ ਆਗਿਆਕਾਰੀ ਲਈ ਪ੍ਰੋਤਸਾਹਿਤ ਕਰਦਾ ਹੈ। |

(ਬਣ ਰਿਹਾ ਹਾਂ ↓)

b) **ਵਧਦੇ ਜਾਣਾ → ਮਸੀਹ ਤੁਹਾਡੇ ਵਿੱਚ – ਮੇਰੀ ਜ਼ਿੰਮੇਵਾਰੀ**।

| | | |
|---|---|---|
| (i) | 1 ਪਤਰਸ 1:14-16 | ਆਗਿਆਕਾਰੀ ਦੇ ਜ਼ਰੀਏ। ਬਿਵਸਥਾ ਸਾਰ 23:14 |
| (ii) | ਇਬਰਾਨੀਆਂ 10:14 | ਉਸ ਦਾ ਜਾਰੀ ਕੰਮ (ਵਰਤਮਾਨ ਕਰਮਵਾਚਕ ਕ੍ਰਿਦੰਤ) **"ਪਵਿੱਤਰ ਕੀਤੇ ਜਾ ਰਹੇ ਹਨ"** (ਸ਼ਾਬਦਿਕ ਅਨੁਵਾਦ) |
| (iii) | 2 ਕੁਰਿੰਥੀਆਂ 7:1 | ਸਾਡਾ ਹਿੱਸਾ। |
| (iv) | 2 ਤਿਮੋਥਿਉਸ 2:21 | ਸਾਡਾ ਹਿੱਸਾ। |
| (v) | 1 ਥੱਸਲੁਨੀਕੀਆਂ 4:3-8 | ਇਹ ਸਾਡੇ ਲਈ ਉਸ ਦੀ ਇੱਛਾ ਹੈ ਕਿ ਅਸੀਂ ਇਹ ਕਰੀਏ। |

(vi) 1 ਯੂਹੰਨਾ 3:2-3 ਉਸ ਦੇ ਵਰਗਾ ਬਣਨ ਦੀ ਸਾਡੀ ਇੱਛਾ ਤੋਂ ਸ਼ੁਰੂ ਹੁੰਦਾ ਹੈ।

7. ਯਿਸੂ ਮਸੀਹ ਦੀ ਮੌਤ ਅਤੇ ਉਸ ਦੇ ਲਹੂ ਨੇ ਮੈਨੂੰ **ਚੰਗਾ ਕਰ ਦਿੱਤਾ।**

a) ਯਸਾਯਾਹ 53:4-5

b) ਮੱਤੀ 8:17

c) 1 ਪਤਰਸ 2:24

## D. ਯਿਸੂ ਮਸੀਹ ਉੱਤੇ ਨਿਹਚਾ ਜਾਂ ਵਿਸ਼ਵਾਸ ਕਰਨ ਵੇਲੇ:

a. ਪਰਮੇਸ਼ਰ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ **ਖਰਾ** ਜਾਂ **ਧਰਮੀ** ਠਹਿਰਾਉਂਦਾ ਹੈ ਅਤੇ ਉਸ ਨੂੰ: ਆਪਣੀ ਧਾਰਮਿਕਤਾ ਦਿੰਦਾ ਹੈ।

ਰੋਮੀਆਂ 3:22, 46 2 ਕੁਰਿੰਥੀਆਂ 5:21

b. ਧਰਮੀ ਠਹਿਰਣ ਤੋਂ ਬਾਦ, ਪਵਿੱਤਰ ਆਤਮਾ ਉਸ ਵਿਅਕਤੀ ਦੇ "**ਅੰਦਰ**" ਵਾਸ ਕਰਨ ਲਈ ਆ ਜਾਂਦਾ ਹੈ। ਰੋਮੀਆਂ 8:9-11 1 ਕੁਰਿੰਥੀਆਂ 3:16, 6:19

ਇਹੋ ਹੁੰਦਾ ਹੈ "**ਆਤਮਾ ਤੋਂ ਜਨਮ ਲੈਣਾ**" ਯੂਹੰਨਾ 3:5-8

ਜਾਂ "**ਨਵੇਂ ਸਿਰਿਓਂ ਜਨਮ**" ਲੈਣਾ 1 ਪਤਰਸ 1:23 ਤੀਤੁਸ 3:5

c. ਉਸ ਵੇਲੇ ਅਸੀਂ "ਅੰਧਕਾਰ ਦੇ ਵੱਸ ਵਿੱਚੋਂ **ਛੁਡਾਏ ਜਾ** ਕੇ ਉਸ ਦੇ ਪਿਆਰੇ ਪੁੱਤਰ ਦੇ ਰਾਜ ਵਿੱਚ **ਪੁਚਾਏ** ਜਾਂਦੇ ਹਾਂ।"

ਕੁਲੁੱਸੀਆਂ 1:13

ਅਤੇ ਹੁਣ ਸਾਨੂੰ **ਮਸੀਹ "ਵਿੱਚ"** ਕਹਿ ਕੇ ਪੁਕਾਰਿਆ ਜਾਂਦਾ ਹੈ।

ਅਫ਼ਸੀਆਂ 1:1 2 ਕੁਰਿੰਥੀਆਂ 5:17

ਮੌਤ ਵਿੱਚੋਂ ਨਿੱਕਲ ਕੇ **ਜੀਵਨ ਵਿੱਚ**। ਯੂਹੰਨਾ 5:24 ਅਫ਼ਸੀਆਂ 2:1,5

d. **ਉਸ ਦੀ ਸੰਤਾਨ** ਬਣਾਏ ਜਾਂਦੇ ਹਾਂ। ਯੂਹੰਨਾ 1:12

e. ਇੱਕ **"ਨਵਾਂ ਹਿਰਦਾ"** ਪ੍ਰਾਪਤ ਕਰਦੇ ਹਾਂ ਹਿਜ਼ਕੀਏਲ 36:26-27

f. ਪਰਮੇਸ਼ਰ ਆਪਣੇ ਪਵਿੱਤਰ ਆਤਮਾ ਦੇ ਪਰਕਾਸ਼ ਰਾਹੀਂ ਆਪਣੇ ਰਾਜ ਦੇ ਭੇਤ ਉਜਾਗਰ ਕਰਦਾ ਹੈ।

ਮੱਤੀ 11:25-27 / 13:10-11, 16 / 16:15-17 / 1 ਕੁਰਿੰਥੀਆਂ 2:14

## E. ਪਰਮੇਸ਼ਰ **ਕੇਵਲ** ਯਿਸੂ ਮਸੀਹ ਦੇ **ਲਹੂ** ਨੂੰ ਹੀ ਪਾਪ ਦੇ ਹਰਜਾਨੇ ਵਜੋਂ ਸਵੀਕਾਰ ਕਰਦਾ ਹੈ।

## ਇਨ੍ਹਾਂ ਦੋਹਾਂ ਗੱਲਾਂ ਲਈ: (1) ਸਦੀਪਕ ਜੀਵਨ ਅਤੇ (2) ਰੋਜਾਨਾ ਦੀ ਸੰਗਤੀ

1. ਪਾਪ ਦੀ ਸਜ਼ਾ ਲਈ ਯਿਸੂ ਮਸੀਹ ਨੇ ਸਲੀਬ ਉੱਤੇ ਆਪਣਾ ਲਹੂ ਵਹਾ ਕੇ ਪਵਿੱਤਰ ਪਰਮੇਸ਼ਰ ਦੀਆਂ ਧਰਮੀ ਮੰਗਾਂ ਨੂੰ ਬਿਲਕੁਲ ਪੂਰਾ ਕਰ ਦਿੱਤਾ।

ਰੋਮੀਆਂ 3:25-26; 1 ਯੂਹੰਨਾ 2:2; 4:10

ਲਹੂ ਹੀ ਸੰਸਾਰ ਦੇ ਪਾਪ ਦਾ ਨਿਸਤਾਰਾ ਹੈ।

2. ਇਹ ਲਹੂ ਪਰਮੇਸ਼ਰ ਲਈ ਹੈ ਕੂਚ 12:13 ਲੇਵੀਆਂ 17:11

3. ਉਸ ਦੀ ਧਾਰਮਿਕਤਾ ਕਰਕੇ ਇੱਕ ਢੁਕਵੀਂ ਕੁਰਬਾਨੀ ਜ਼ਰੂਰੀ ਸੀ, ਨਹੀਂ ਤਾਂ ਉਸ ਨੂੰ ਧਰਮੀ ਨਾ ਕਿਹਾ ਜਾ ਸਕਦਾ, ਭਾਵ ਕਿ ਯਿਸੂ ਮਸੀਹ ਤੇ ਵਿਸ਼ਵਾਸ ਕਰਨ ਵਾਲੇ ਇਨਸਾਨ ਦੇ ਪਾਪ ਮਾਫ ਕਰਨ ਵਿੱਚ *'ਕਨੂੰਨੀ ਤੌਰ 'ਤੇ ਸਹੀ'* ਨਾ ਠਹਿਰਦਾ।

ਇਬਰਾਨੀਆਂ 2:14-15, 17

ਲੇਵੀਆਂ 16 ਪਰਾਸਚਿਤ ਦਾ ਦਿਨ। 14-22, 29-30

ਮਹਾਜਾਜਕ ਇਕੱਲਾ ਹੀ ਪਰਮੇਸ਼ਰ ਦੇ ਸਾਹਮਣੇ ਲਹੂ ਲੈ ਕੇ ਜਾਂਦਾ ਸੀ।
ਮੱਤੀ 27:50-51 ਇਬਰਾਨੀਆਂ 9:11-12, 24-26

ਯਿਸੂ ਮਸੀਹ ਨੇ ਮਹਾਜਾਜਕ ਦੀ ਭੂਮਿਕਾ ਨਿਭਾਉਂਦੇ ਹੋਏ ਪਾਪ ਦੀ ਖਿਮਾ ਲਈ ਪਰਮੇਸ਼ਰ ਨੂੰ ਸੰਤੁਸ਼ਟ ਕੀਤਾ। ਪਾਪ ਦੇ ਹਟਣ ਤੋਂ ਬਾਦ ਉਹ ਵਿਸ਼ਵਾਸ ਕਰਨ ਵਾਲਿਆਂ ਨੂੰ ਮੌਤ ਅਤੇ ਗੁਲਾਮੀ, ਮੌਤ ਅਤੇ ਸ਼ਤਾਨ ਦਿਆਂ ਬੰਧਨਾਂ ਤੋਂ ਮੁਕਤ ਕਰਦਾ ਹੈ।

4. ਲਹੂ ਦੇ ਕਾਰਨ – ਪਰਮੇਸ਼ਰ ਦੀ ਧਾਰਮਿਕਤਾ ਅਤੇ ਸਦੀਪਕ ਜੀਵਨ ਪ੍ਰਾਪਤ ਕਰਨ ਲਈ ਪਰਮੇਸ਼ਰ ਦੇ ਸਾਹਮਣੇ ਪਾਪ ਦਾ ਕੋਈ ਸਵਾਲ ਹੀ ਨਹੀਂ ਰਹਿ ਜਾਂਦਾ। ਸਵਾਲ ਇਹ ਹੈ: ਕੀ ਤੁਸੀਂ ਪਰਮੇਸ਼ਰ ਦੇ ਪੁੱਤਰ ਯਿਸੂ ਮਸੀਹ ’ਤੇ ਅਤੇ ਉਸ ਦੇ ਅਣਮੁੱਲੇ ਲਹੂ ’ਤੇ ਵਿਸ਼ਵਾਸ ਅਤੇ ਭਰੋਸਾ ਕਰਦੇ ਹੋ?

   (i) ਇਬਰਾਨੀਆਂ 10:19-22 ਸਾਨੂੰ ਵੀ **ਕੇਵਲ** ਉਸੇ ਦਾ **ਲਹੂ** ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ।
   (ii) 1 ਪਤਰਸ 1:18-19 ਇਸ ਦੇ ਲਈ ਉਸ ਦੇ ਮੁੱਲ ਨੂੰ ਸਵੀਕਾਰ ਕਰੋ।

5. ਮੈਂ **ਕੇਵਲ ਲਹੂ** ਦੇ ਰਾਹੀਂ ਪਰਮੇਸ਼ਰ ਦੇ ਕੋਲ ਆ ਸਕਦਾ ਹਾਂ। ਆਪਣਿਆਂ ਕੰਮਾਂ ਜਾਂ ਕਾਬਲੀਅਤ ਸਦਕਾ ਕਦੇ ਨਹੀਂ।

   ਜਦ ਮੈਂ ਪਾਪ ਕਰਦਾ ਹਾਂ ਤਾਂ ਮੇਰਾ ਅੰਤਹਕਰਨ ਮੈਨੂੰ ਦੋਸ਼ੀ ਠਹਿਰਾਉਂਦਾ ਹੈ ਅਤੇ “ਦੋਸ਼ ਲਗਾਉਣ ਵਾਲਾ” ਮੇਰੇ ਉੱਤੇ ਦੋਸ਼ ਲਗਾਉਂਦਾ ਹੈ। ਉਹ ਦੋਸ਼ ਲਗਾਉਂਦਾ ਹੈ - “ਤੂੰ ਪਾਪ ਕੀਤਾ!” “ਤੂੰ ਨਾਕਾਮ ਹੋਇਆ!” ਆਦਿ।

   ਮੈਂ ਨਿਰਾਸ਼ ਅਤੇ ਹਤਾਸ਼ ਹੋ ਜਾਂਦਾ ਹਾਂ ... ਜੇਕਰ ਅਜਿਹਾ ਹੈ ਤਾਂ ਮੈਂ ਆਪਣੀ ਧਾਰਮਿਕਤਾ ਅਤੇ ਆਪਣਿਆਂ ਜਤਨਾਂ ਤੇ ਭਰੋਸਾ ਕਰੀ ਬੈਠਾ ਹਾਂ ਜਿਸ ਦਾ ਮਤਲਬ ਹੈ ਕਿ ਉਸ ਦੇ ਲਹੂ ’ਤੇ ਭਰੋਸਾ ਨਹੀਂ ਕਰ ਰਿਹਾ।

ਮੈਨੂੰ ਕੀ ਕਰਨਾ ਚਾਹੀਦਾ ਹੈ???

ਮੈਨੂੰ ਕੇਵਲ ਯਿਸੂ ਮਸੀਹ ਦੇ ਲਹੂ ਵੱਲ ਮੁੜਨਾ ਚਾਹੀਦਾ ਹੈ:

a. **ਕੇਵਲ ਲਹੂ** ਹੀ ਮੇਰੇ ਪਾਪਾਂ ਨੂੰ ਧੋ ਸਕਦਾ ਹੈ:

   ਇਬਰਾਨੀਆਂ 10:10-18 1 ਯੂਹੰਨਾ 1:5-10

   ਪਰਮੇਸ਼ਰ ਦੇ ਨਾਲ **ਮੇਰਾ ਸੰਬੰਧ ਲਹੂ** ਨੇ ਹੀ **ਸਥਾਪਿਤ ਕੀਤਾ।**

   ਪਰਮੇਸ਼ਰ ਦੇ ਨਾਲ **ਮੇਰੀ ਸੰਗਤੀ ਲਹੂ** ਦੁਆਰਾ **ਕਾਇਮ ਰਹਿੰਦੀ ਹੈ।**

   ਸਾਨੂੰ ਕੇਵਲ ਉਸ ਦੇ ਲਹੂ ਤੋਂ ਹੀ ਸੰਤੁਸ਼ਟ ਹੋਣਾ ਚਾਹੀਦਾ ਹੈ।

b. **ਕੇਵਲ ਲਹੂ** ਹੀ ਮੇਰੇ ਅੰਤਹਕਰਨ ਦੀ ਦੋਸ਼-ਭਾਵਨਾ ਨੂੰ ਸ਼ੁੱਧ ਕਰ ਸਕਦਾ ਹੈ:

   ਇਬਰਾਨੀਆਂ 9:14; 10:19-22

c. **ਕੇਵਲ ਲਹੂ** ਹੀ “ਦੋਸ਼ ਲਗਾਉਣ ਵਾਲੇ” ਤੇ ਕਾਬੂ ਪਾ ਸਕਦਾ ਹੈ।

   ਪਰਕਾਸ਼ 12:10-11

ਅਸੀਂ ਇਸ ਦੇ ਮੁੱਲ ਨੂੰ ਸਵੀਕਾਰ ਕਰੀਏ: 1 ਪਤਰਸ 1:18-19

ਜੇਕਰ ਅਸੀਂ ਐਨੀ ਮਹਾਨ ਮੁਕਤੀ ਨੂੰ ਅਣਦੇਖਾ ਕਰ ਦਿੱਤਾ ਤਾਂ ਅਸੀਂ ਕਿਵੇਂ ਬਚਾਂਗੇ?
ਇਬਰਾਨੀਆਂ 2:3 ਰੋਮੀਆਂ 8:31-34

## F. ਮੁਕਤੀਦਾਤਾ, ਯਿਸੂ ਮਸੀਹ, ਦਾ ਮ੍ਰਿਤਕਾਂ ਵਿੱਚੋਂ ਜੀ ਉੱਠਣਾ।

1. 1 ਕੁਰਿੰਥੀਆਂ 15:4-6, 12-23, 35-38, 42-44, 49-57

2. ਮੱਤੀ 27:50-53,62-66; 28:6-7, 11-15

3. ਚੇਲਿਆਂ ਨੇ ਜੀ ਉੱਠਣ ਦੇ ਦਿਨ ਨਵਾਂ ਜਨਮ ਪ੍ਰਾਪਤ ਕੀਤਾ: ਯੂਹੰਨਾ 20:19-22; ਰੋਮੀਆਂ 6:4

4. ਚੇਲਿਆਂ ਨੇ ਜਾ ਕੇ ਜੀ ਉੱਠਣ ਦਾ ਪ੍ਰਚਾਰ ਕੀਤਾ:
   ਰਸੂਲਾਂ 2:24, 31-32; 3:15, 26; 4:2, 10, 33; 5:30; 10:40;
   13:30, 33-34, 37; 17:31-32; 23:6; 24:15; 26:23

5. ਰੋਮੀਆਂ 1:4 ਸਮਰੱਥਾ ਨਾਲ ਪਰਮੇਸ਼ਰ ਦਾ ਪੁੱਤਰ ਮਿਥਿਆ ਗਿਆ।

6. ਰੋਮੀਆਂ 4:25 ਇਹ ਘੋਸ਼ਣਾ ਕਿ ਉਸ ਦੀ ਕੁਰਬਾਨੀ, ਉਸ ਦੀ ਮੌਤ ਅਤੇ ਉਸ ਦਾ ਵਹਾਇਆ ਗਿਆ ਲਹੂ ਸਵੀਕਾਰ ਕਰ ਲਿਆ ਗਿਆ ਹੈ ਅਤੇ ਪਾਪ ਨੂੰ ਹਟਾ ਦਿੱਤਾ ਗਿਆ।

7. ਰੋਮੀਆਂ 5:10 ਕ੍ਰੋਧ ਤੋਂ ਬਚਾਏ ਜਾ ਕੇ ਹੁਣ ਅਸੀਂ ਸਾਡੇ ਅੰਦਰ ਵੱਸਣ ਵਾਲੇ ਪੁਨਰਉੱਥਾਨ ਦੇ ਜੀਵਨ ਦੁਆਰਾ ਬਚਾਏ ਜਾਵਾਂਗੇ।

8. ਯੂਹੰਨਾ 14:19 ਜੋ ਲੋਕ ਉਸ ਦੇ ਲਹੂ ਦੁਆਰਾ ਧਰਮੀ ਠਹਿਰਾਏ ਜਾਂਦੇ ਹਨ, ਉਹ ਉਸ ਨੂੰ ਵੇਖਣ ਲਈ ਅਤੇ ਸਦੀਪਕ ਜੀਵਨ ਪ੍ਰਾਪਤ ਕਰਨ ਲਈ ਜੀ ਵੀ ਉੱਠਣਗੇ।

## G. ਸਿੰਘਾਸਣ 'ਤੇ ਵਿਰਾਜਮਾਨ ਮੁਕਤੀਦਾਤਾ, ਯਿਸੂ ਮਸੀਹ।

1. ਫ਼ਿਲਿੱਪੀਆਂ 2:6-11 ਇਬਰਾਨੀਆਂ 1:3

2. ਇਬਰਾਨੀਆਂ 9:21-24 ਉਹ ਸਾਡੇ ਲਈ ਆਪਣੇ ਲਹੂ ਨੂੰ ਅੱਤ ਪਵਿੱਤਰ ਸਥਾਨ ਵਿੱਚ, ਸਵਰਗ ਵਿੱਚ ਲੈ ਕੇ ਗਿਆ। ਇਸ ਕਰਕੇ ਅਸੀਂ ਵੀ ਅੱਤ ਪਵਿੱਤਰ ਸਥਾਨ ਭਾਵ ਸਵਰਗ ਵਿੱਚ ਜਾ ਸਕਦੇ ਹਾਂ।

3. ਇਬਰਾਨੀਆਂ 10:19

4. ਇਬਰਾਨੀਆਂ 5:1-5 ਉਸ ਦੀ ਕੁਝ ਦੇਰ ਦੀ ਹਾਰੂਨ ਜਾਜਕ ਵਾਲੀ ਜ਼ਿੰਮੇਦਾਰੀ ਅਤੇ ਕੁਰਬਾਨੀ ਪੂਰੀ ਹੋ ਗਈ। ਹੁਣ ਉਹ ਮਲਕਿਸਿਦਕ ਦੀ ਜਾਜਕੀ ਵਾਲੀ ਸੇਵਾ ਕਰ ਰਿਹਾ ਹੈ, ਜਿਸ ਵਿੱਚ ਸਾਡੇ ਲਈ ਵਿਚੋਲਗੀ ਕੀਤੀ ਜਾਂਦੀ ਹੈ। ਇਹ ਕਰਦੇ ਹੋਏ ਉਹ ਸਾਡੀ ਮੁਕਤੀ ਨੂੰ ਪੂਰਾ ਅਤੇ ਸੰਪੂਰਣ ਕਰਦਾ ਹੈ।

ਇਬਰਾਨੀਆਂ 7:25 ਜਿਵੇਂ ਕਿ ਯੂਹੰਨਾ 17
ਰੋਮੀਆਂ 8:34-39 1 ਯੂਹੰਨਾ 2:1

ਸਿੱਧ ਜਾਜਕ ਨੇ ਸਿੱਧ ਕੁਰਬਾਨੀ ਦਿੱਤੀ ਅਤੇ ਸਿੱਧ ਮੁਕੱਦਮਾ ਲੜ ਰਿਹਾ ਹੈ ਅਤੇ ਸਾਨੂੰ ਸਿੱਧ ਮੁਕਤੀ ਦਿਵਾਵੇਗਾ।

## H. ਮੁਕਤੀਦਾਤੇ ਕੋਲੋਂ ਮੁਕਤੀ ਪ੍ਰਾਪਤ ਕਰਨਾ।

1. ਇਬਰਾਨੀਆਂ 2:1-4 ਜੇਕਰ ਅਸੀਂ ਇਸ ਮਹਾਨ ਮੁਕਤੀ ਨੂੰ ਅਣਦੇਖਾ ਕਰ ਦੇਈਏ ਤਾਂ ਅਸੀਂ ਇਸ ਪ੍ਰਕ੍ਰਿਆ ਤੋਂ ਨਹੀਂ ਬਚ ਸਕਾਂਗੇ ਪਾਪ → ਨਿਆਂ → ਕ੍ਰੋਧ → ਮੌਤ।

2. ਤੀਤੁਸ 2:11 ਪਰਮੇਸ਼ਰ ਦੀ ਕਿਰਪਾ ਮੁਕਤੀ ਨੂੰ ਸਭਨਾਂ ਮਨੁੱਖਾਂ ਤੱਕ ਲੈ ਆਈ ਹੈ।

3. ਰਸੂਲਾਂ 16:30 *"ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾਂ?"*
   ਉੱਤਰ: ਰੋਮੀਆਂ 1:16 ਮੁਕਤੀ ਦੇ ਲਈ ਪਰਮੇਸ਼ਰ ਦੀ ਸ਼ਕਤੀ ਖੁਸ਼ਖਬਰੀ ਨੂੰ ਸੁਣਨ ਅਤੇ ਉਸ 'ਤੇ ਵਿਸ਼ਵਾਸ ਕਰਨ ਨਾਲ ਆਉਂਦੀ ਹੈ।

4. ਰੋਮੀਆਂ 10:9-18 ਵਿਸ਼ਵਾਸ ਕਰੋ ਅਤੇ ਇਕਰਾਰ ਕਰੋ।

ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਤਾਂ ਤੁਹਾਡੇ ਵਿੱਚ ਇਹ ਦਿਸੇਗਾ:

- ਆਗਿਆਕਾਰੀ ਯੂਹੰਨਾ 14:15, 21, 23-24 ਇਬਰਾਨੀਆਂ 5:9; 11:6-8

- ਤੋਬਾ – ਪਾਪ ਵੱਲ ਆਪਣੀ ਪਿੱਠ ਮੋੜਨਾ।
  2 ਕੁਰਿੰਥੀਆਂ 7:9-10; ਲੂਕਾ 5:32; 24:47; ਰਸੂਲਾਂ 2:38; 11:18
  1 ਥੱਸਲੁਨੀਕੀਆਂ 1:9-10; 2 ਪਤਰਸ 3:9

5. ਯੂਹੰਨਾ 1:12 ਵਿਸ਼ਵਾਸ ਅਤੇ ਇਕਰਾਰ ਕਰਨ ਦਾ ਅਰਥ ਹੈ ਯਿਸੂ ਨੂੰ **ਕਬੂਲ ਕਰਨਾ।**
6. ਜਦ ਕੋਈ ਵਿਅਕਤੀ ਵਿਸ਼ਵਾਸ ਕਰਦਾ ਅਤੇ ਕਬੂਲ ਕਰਦਾ ਹੈ ਤਾਂ ਉਹ **"ਨਵਾਂ ਜਨਮ"** ਪ੍ਰਾਪਤ ਕਰਦਾ ਹੈ।
7. ਜ਼ਬੂਰ 116:1-13

## I. ਮੁਕਤੀ ਦਾ ਭੂਤਕਾਲ, ਵਰਤਮਾਨ ਕਾਲ ਅਤੇ ਭਵਿੱਖ ਕਾਲ।

1. **ਮੈਂ** ਬਚਾਇਆ **ਗਿਆ ਹਾਂ।** ਸਦੀਪਕ ਮੁਕਤੀ

a. **ਪਾਪ ਦੀ ਸਜ਼ਾ** ਤੋਂ – ਮੌਤ ਅਫ਼ਸੀਆਂ 2:1-9 ਯੂਹੰਨਾ 5:24

b. ਕਦੋਂ? ਜਦ ਮੈਂ ਖੁਸ਼ਖਬਰੀ 'ਤੇ **ਵਿਸ਼ਵਾਸ ਕੀਤਾ** ਰੋਮੀਆਂ 1:16

c. ਮੇਰੀ ਭੂਮਿਕਾ – **ਵਿਸ਼ਵਾਸ ਕਰਨਾ** ਰੋਮੀਆਂ 3:22, 24, 26, 28; 4:5;
1 ਕੁਰਿੰਥੀਆਂ 1:21 2 ਤਿਮੋਥਿਉਸ 1:9 ਤੀਤੁਸ 3:5

d. ਇਹੋ ਸਿੱਖਿਆ ਹੈ: **ਧਰਮੀ ਠਹਿਰਾਏ ਜਾਣ** ਦੀ
ਰੋਮੀਆਂ 5:9 ਉਸ ਦੇ ਲਹੂ ਦੁਆਰਾ। 5:10 ਉਸ ਦੀ ਮੌਤ ਦੁਆਰਾ।

e. ਤੁਸੀਂ "**ਮਸੀਹ ਵਿੱਚ**" ਯੂਹੰਨਾ 10:28-29 ਰੋਮੀਆਂ 8:1;
1 ਕੁਰਿੰਥੀਆਂ 1:2, 30; 15:22

2. **ਮੈਂ** ਬਚਾਇਆ **ਜਾ ਰਿਹਾ ਹਾਂ**। ਦਿਨ ਪ੍ਰਤੀ ਦਿਨ ਮੁਕਤੀ

a. ਪਾਪ ਦੀ **ਸ਼ਕਤੀ** ਤੋਂ: ਰੋਮੀਆਂ 6:2-23

b. ਕਦੋਂ? ਜਦ ਮੈਂ ਆਪਣੀ ਸਲੀਬ ਚੁੱਕਦਾ ਹਾਂ! ਲੂਕਾ 9:23

c. ਮੇਰਾ ਹਿੱਸਾ: ਆਗਿਆਕਾਰੀ 1 ਪਤਰਸ 1:22; 2:2; ਲੂਕਾ 6:46-49

d. **ਪਵਿੱਤਰ ਕੀਤੇ ਜਾਣ** ਦੀ ਸਿੱਖਿਆ ਇਹ ਹੈ:
- (i) 1 ਕੁਰਿੰਥੀਆਂ 1:18
- (ii) 2 ਕੁਰਿੰਥੀਆਂ 2:15
- (iii) ਫ਼ਿਲਿੱਪੀਆਂ 2:12
- (iv) 1 ਤਿਮੋਥਿਉਸ 4:16

(v) ਯਾਕੂਬ 1:21

e. "**ਮਸੀਹ ਤੁਹਾਡੇ ਵਿੱਚ**" ਗਲਾਤੀਆਂ 2:20; 4:19

ਪਾਪ ਸ਼ਤਾਨ ਨੂੰ ਹਮਲਾ ਕਰਨ ਦਾ ਮੌਕਾ ਦਿੰਦਾ ਹੈ: ਲੂਕਾ 22:31 ਅਫ਼ਸੀਆਂ 4:27

ਉਹ ਤੁਹਾਡੇ ਉੱਤੇ ਹਮਲਾ ਕਰ ਸਕਦਾ ਹੈ ਅਤੇ ਕਸ਼ਟ ਵਿੱਚ ਪਾ ਸਕਦਾ ਹੈ, ਵੱਡਾ ਨੁਕਸਾਨ ਕਰ ਸਕਦਾ ਹੈ ਅਤੇ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ, ਪਰ ਤੁਸੀਂ ਆਪਣੇ ਆਪਣੀ ਸਦੀਪਕ ਮੁਕਤੀ ਨਹੀਂ ਗੁਆ ਸਕਦੇ, ਕਿਉਂਕਿ ਸਾਡਾ ਮਹਾਜਾਜਕ ਯਿਸੂ ਮਸੀਹ, ਉਸ ਕੰਮ ਦਾ ਹਵਾਲਾ ਦਿੰਦੇ ਹੋਏ ਜੋ ਉਸ ਦੇ ਲਹੂ ਨੇ ਸਾਡੇ ਲਈ ਪੂਰਾ ਕੀਤਾ ਵਿਚੋਲਗੀ ਕਰ ਰਿਹਾ ਹੈ ਇਬਰਾਨੀਆਂ 7:25

3. **ਮੈਂ** ਬਚਾਇਆ **ਜਾਵਾਂਗਾ।** ਰੋਮੀਆਂ 13:11 ਇਬਰਾਨੀਆਂ 9:28 1 ਪਤਰਸ 1:5

a. ਪਾਪ ਦੀ **ਮੌਜੂਦਗੀ** ਤੋਂ: ਮੇਰੇ ਸਰੀਰ ਦੇ ਛੁਟਕਾਰੇ ਦੁਆਰਾ

(i) ਮੌਤ ਦੁਆਰਾ: ਫ਼ਿਲਿੱਪੀਆਂ 1:21-24 2 ਕੁਰਿੰਥੀਆਂ 5:6-8

(ii) ਪ੍ਰਭੂ ਦੀ ਆਮਦ ਦੁਆਰਾ: 1 ਥੱਸਲੁਨੀਕੀਆਂ 4:13-18
ਕੁਰਿੰਥੀਆਂ 15:50-57, 35-44 ਰੋਮੀਆਂ 8:11, 16-23

b. ਕਦੋਂ? ਜਦੋਂ ਆਖਰੀ ਤੁਰ੍ਹੀ ਫੂਕੀ ਜਾਵੇਗੀ।

c. ਮੇਰੀ ਭੂਮਿਕਾ: **ਧੀਰਜ / ਸਬਰ ਰੱਖਣਾ**
ਮੱਤੀ 10:22: 24:13 ਰੋਮੀਆਂ 2:7; 5:3; 8:25; 15:4; 2 ਥੱਸਲੁਨੀਕੀਆਂ 1:4;
1 ਤਿਮੋਥਿਉਸ 6:11 2 ਤਿਮੋਥਿਉਸ 3:10 ਇਬਰਾਨੀਆਂ 10:32-39 ਯਾਕੂਬ 1:12;
2 ਪਤਰਸ 1:5-6 ਪਰਕਾਸ਼ 3:10

d. ਇਹ ਸਿੱਖਿਆ ਹੈ **ਮਹਿਮਾ (ਤੇਜ) ਪ੍ਰਾਪਤ ਕਰਨ ਦੀ** ਫ਼ਿਲਿੱਪੀਆਂ 3:20-21

## J. ਪਰਮੇਸ਼ਰ ਜੋ ਸ਼ੁਰੂ ਕਰਦਾ ਹੈ, ਉਸ ਨੂੰ ਪੂਰਾ ਵੀ ਕਰਦਾ ਹੈ

ਪਰਕਾਸ਼ 21:1-8 ਰੋਮੀਆਂ 8:29-30
ਅਫ਼ਸੀਆਂ 1:9-11 ਇਬਰਾਨੀਆਂ 12:2